# ਸੁਰਖ਼ ਸਮੁੰਦਰ

**ਹੋਰ ਰਚਨਾਵਾਂ:**

| | |
|---|---|
| ਸ਼ੀਸ਼ਾ ਝੂਠ ਬੋਲਦਾ ਹੈ | (ਕਾਵਿ ਸੰਗ੍ਰਹਿ) 1978, 1992, 2003, 2011 |
| ਹਰ ਧੁਖਦਾ ਪਿੰਡ ਮੇਰਾ ਹੈ | (ਕਾਵਿ ਸੰਗ੍ਰਹਿ) 1996, 2007, 2021 |
| ਬੋਲ ਮਿੱਟੀ ਦਿਆ ਬਾਵਿਆ | (ਕਾਵਿ ਸੰਗ੍ਰਹਿ) 1992, 1999, 2003, 2009 |
| ਅਗਨ ਕਥਾ | (ਕਾਵਿ ਸੰਗ੍ਰਹਿ) 2000, 2003, 2010 |
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2006, 2009, 2022 |
| ਧਰਤੀ ਨਾਦ | (ਕਾਵਿ ਸੰਗ੍ਰਹਿ) 2006, 2008 |
| ਫੁੱਲਾਂ ਦੀ ਝਾਂਜਰ | (ਗੀਤ ਸੰਗ੍ਰਹਿ) 2006, 2012 |
| ਪਾਰਦਰਸ਼ੀ | (ਕਾਵਿ ਸੰਗ੍ਰਹਿ) 2008, 2014 |
| ਮਨ ਤੰਦੂਰ | (ਕਾਵਿ ਸੰਗ੍ਰਹਿ) 2014, 2015 |
| ਮੋਰ ਪੰਖ | (ਗ਼ਜ਼ਲ ਸੰਗ੍ਰਹਿ) 2010, 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2015 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2016 (ਦੋ ਸੰਸਕਰਣ) |
| ਰਾਵੀ | (ਗ਼ਜ਼ਲ ਸੰਗ੍ਰਹਿ) 2018, 2019 |
| ਸੰਧੂਰਦਾਨੀ | (ਰੁਬਾਈਆਂ) 2019 |
| ਮਨ ਪਰਦੇਸੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਚਰਖ਼ੜੀ | (ਕਾਵਿ ਸੰਗ੍ਰਹਿ) 2021 |
| ਪਿੱਪਲ ਪੱਤੀਆਂ | (ਗੀਤ ਸੰਗ੍ਰਹਿ) 2022 |

| | | |
|---|---|---|
| ਪੱਤੇ ਪੱਤੇ ਲਿਖੀ ਇਬਾਰਤ | (ਰੁਬਾਈਆਂ) 2021 | (ਤੇਜ ਪ੍ਰਤਾਪ ਸਿੰਘ ਸੰਧੂ ਦੇ ਫ਼ੋਟੋ ਚਿਤਰਾਂ ਸਹਿਤ) |
| ਕੈਮਰੇ ਦੀ ਅੱਖ ਬੋਲਦੀ | (ਸੁਚਿਤਰ ਵਾਰਤਕ) 1999 | |

**ਸ਼ਾਹਮੁਖੀ ਵਿੱਚ**

| | |
|---|---|
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2006, 2022 |
| ਰਾਵੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |

**ਹਿੰਦੀ**

| | |
|---|---|
| ਆਧਾਰ ਭੂਮੀ | (ਕਾਵਿ ਸੰਗ੍ਰਹਿ) 2022 |

**ਲੇਖਕ ਦੀਆਂ ਰਚਨਾਵਾਂ ਦੇ ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ**

| | |
|---|---|
| ਦੋ ਹਰਫ਼ ਰਸੀਦੀ | (ਗ਼ਜ਼ਲ ਸੰਗ੍ਰਹਿ) 1996, 2021 |
| ਤਾਰਿਆਂ ਦੇ ਨਾਲ ਗੱਲਾਂ ਕਰਦਿਆਂ | (ਗ਼ਜ਼ਲ ਸੰਗ੍ਰਹਿ) 2014, 2020, 2021 |

# ਸੁਰਖ਼ ਸਮੁੰਦਰ

ਪਹਿਲੇ ਦੋ ਕਾਵਿ ਸੰਗ੍ਰਹਿ

(ਸ਼ੀਸ਼ਾ ਝੂਠ ਬੋਲਦਾ ਹੈ ਤੇ ਹਰ ਧੁਖ਼ਦਾ ਪਿੰਡ ਮੇਰਾ ਹੈ ਇੱਕ ਜਿਲਦ ਵਿੱਚ)

ਗੁਰਭਜਨ ਗਿੱਲ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

# Surakh Samundar

Poems by
© Gurbhajan Singh Gill
113-F Shaheed Bhagat Singh Nagar,
Pakhowal Road, Ludhiana-141013
Mobile : 98726-31199

ISBN : 978-93-81439-84-5

Price : 200/-

1st Print 1992
2nd Print 1994
3rd Print 2000
4th Print 2022

*Sole Distributor*
**Singh Brothers**, Amritsar

*Publishers :*

ਨਾਨਕ ਸਿੰਘ ਪੁਸਤਕ ਮਾਲਾ
5-ਸਿਟੀ ਸੈਂਟਰ,
ਨਜ਼ਦੀਕ ਗੁਰੂ ਨਾਨਕ ਭਵਨ, ਅੰਮ੍ਰਿਤਸਰ

**Punjabi Lok Virasat Academy**
Ludhiana

*Printed at*
**Printwell**
146, Industrial Focal Point, Amristar

# ਸਮਰਪਣ

ਮਹਿਕਦੀ ਛਾਂ ਜੇਹੀ
ਸਾਡੀ ਪੋਤਰੀ ਅਸੀਸ ਕੌਰ ਦੇ ਚੌਥੇ ਜਨਮ ਦਿਨ
25 ਸਤੰਬਰ 2022 ਵੇਲੇ
ਉਨ੍ਹਾਂ ਰਾਹਵਾਂ, ਥਾਵਾਂ,
ਧੁੱਪਾਂ ਅਤੇ ਛਾਵਾਂ ਦੇ ਨਾਮ,
ਜਿੰਨ੍ਹਾਂ ਮੈਨੂੰ ਇਹਦੇ ਤੀਕ ਪਹੁੰਚਣ ਲਈ ਕਦੇ ਵੀ,
ਕਿਤੇ ਵੀ ਡੋਲਣ ਨਹੀਂ ਦਿੱਤਾ।



ਚੁੱਪ ਦੀ ਵਲਗਣ ਤੋੜਨ ਮਗਰੋਂ, ਦਿਲ ਕਰਦੈ, ਹੁਣ ਗੱਲਾਂ ਕਰੀਏ।
ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ ਵਿੱਚ ਤਰੀਏ।
ਸੁਰਖ਼ ਸਮੁੰਦਰ ਵਿੱਚੋਂ ਭਰੀਏ, ਰੰਗ ਰੱਤੜੀ ਪਿਚਕਾਰੀ ਆਪਾਂ,
ਜਿੱਥੇ ਕਿਧਰੇ ਕੋਰੇ ਵਰਕੇ, ਮਨ ਕਰਦੈ ਸੂਹੇ ਰੰਗ ਸਾਰੇ ਭਰੀਏ।

**ਰੇਖਾਂਕਣ: ਅਸੀਸ ਕੌਰ ਗਿੱਲ**

# ਤਤਕਰਾ


| | |
|---|---|
| ਨਵੀਂ ਕਾਵਿ ਸੰਵੇਦਨਾ ਦਾ ਕਵੀ | 9 |
| ਪੰਜਾਬੀ ਗ਼ਜ਼ਲ ਦੀ ਵਿਸ਼ੇਸ਼ ਨੁਹਾਰ | 15 |
| ਸ਼ੀਸ਼ਾ ਝੂਠ ਬੋਲਦਾ ਹੈ | 19 |
| ਆਪਣੇ ਖ਼ਿਲਾਫ਼ | 23 |
| ਤੇਈ ਮਾਰਚ | 26 |
| ਬਨਾਮ ਸਭਿਅਤਾ | 27 |
| ਲਾਰਿਆਂ ਦੀ ਘੁੱਗੀ | 28 |
| ਕੁਝ ਚਿਰ ਪਹਿਲਾਂ | 29 |
| ਤਪੇ ਹੋਏ ਪੱਥਰ ਤੇ ਸੀਤ ਰਾਤ | 30 |
| ਮਿੱਟੀ ਕੰਬਦੀ ਹੈ | 32 |
| ਬਾਤ ਮੁੱਕੀ ਤਾਂ ਨਹੀਂ | 34 |
| ਸਰਵਣ ਪੁੱਤਰ | 35 |
| ਇਸ ਰੁੱਖ ਥੱਲੇ ਜੀਅ ਨਹੀਂ ਲੱਗਦਾ | 36 |
| ਹਵਾ ਦੀ ਦਸਤਕ | 38 |
| ਪੁਰਾਣੀ ਸਾਂਝ | 40 |
| ਸਮਾਂ ਨਿਰਪੱਖ ਨਹੀਂ ਹੁੰਦਾ | 42 |
| ਖ਼ੁਦ-ਕੁਸ਼ੀ ਤੋਂ ਬਾਅਦ | 44 |
| ਟਾਈਮ ਕੈਪਸੂਲ | 46 |
| ਹਾਰਿਆ ਮਦਾਰੀ | 47 |
| ਚਿੜੀਆਂ ਮੋਰ ਕਬੂਤਰ ਤੋਤੇ | 48 |
| ਇਕ ਮਿੰਟ ਖ਼ਾਮੋਸ਼ੀ | 49 |
| ਬਤਰਜ਼ ਦੇਵਿੰਦਰ ਸਤਿਆਰਥੀ | 50 |
| ਦੁਚਿੱਤੀ 'ਚੋਂ ਲੰਘਦਿਆਂ | 52 |
| ਮੇਰਾ ਸਿਰ ਵਾਪਿਸ ਕਰੋ | 54 |
| ਇਕ ਉਦਾਸ ਸ਼ਾਮ | 57 |
| ਸ਼ਹਿਰ ਸੌਂ ਰਿਹਾ ਹੈ | 58 |
| ਫ਼ੁਲਕਾਰੀ ਦਾ ਫੁੱਲ ਪਲੇਠਾ | 59 |
| ਲਾਲ ਬੱਤੀ ਤੋਂ ਅੱਗੇ | 60 |
| ਕਿਸੇ ਨਾਲ ਵੀ ਮੁਲਾਕਾਤ | 62 |
| ਗਰੀਟਿੰਗ ਕਾਰਡ | 63 |
| ਸਾਡਾ ਸਾਂਝਾ ਦੁੱਖ ਦਰਿਆ | 65 |
| ਆਪੋ ਆਪਣੀ ਧਰਤੀ ਆਪੋ ਆਪਣਾ | 66 |
| ਬੰਦ ਦਰਵਾਜ਼ੇ ਅੰਦਰ ਸੋਚੇ | 68 |
| ਮਾਏ ਨੀ ਮਾਏ | 69 |
| ਕੁਝ ਨਿੱਕੀਆਂ ਕਵਿਤਾਵਾਂ | 70-75 |
| **ਗ਼ਜ਼ਲਾਂ** | |
| ਗੁਆਚੇ ਯਾਰ ਸਾਰੇ ਸ਼ਹਿਰ ਵਿਚ | 76 |
| ਪੈੜਾਂ ਤੇ ਕੁਝ ਰਿਸ਼ਤੇ ਨਵੇਂ ਨਵੇਲੇ | 77 |
| ਗਰਦ ਚੜ੍ਹੀ ਅਸਮਾਨੇ ਰਾਤਾਂ ਕਾਲ਼ੀਆਂ | 78 |
| ਬੜਾ ਚਿਰ ਜੀਅ ਲਿਆ ਮੈਂ ਪਿੰਡ ਦਿਆਂ | 79 |
| ਮੇਰੀ ਆਵਾਜ਼ ਪਰਤ ਕੇ ਆਈ ਨਾ ਮੇਰੇ | 80 |
| ਯਾਦਾਂ ਦੇ ਹਵਾਲੇ ਜਿੰਦ ਕੀਤਿਆਂ ਨਾ | 81 |
| ਦਿਨ ਭਰ ਜਿਹੜੀ ਰਾਤ ਉਡੀਕਾਂ ਰਾਤ | 82 |
| ਕਰਕੇ ਜਿੰਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ | 83 |
| ਤੇਰੀ ਦੋਸਤੀ ਦੀ ਮਹਿਕ ਤਾਂ ਸਾਹਾਂ 'ਚ | 84 |
| ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ | 85 |
| ਇਕ ਬਦਲੋਟੀ ਤੁਰਦੀ ਜਾਂਦੀ ਥਲ | 86 |
| ਖ਼ੁਦਕਸ਼ੀ ਹੀ ਖ਼ੁਦਕਸ਼ੀ ਬੱਸ ਖ਼ੁਦਕਸ਼ੀ | 87 |
| ਵਗਦਾ ਦਰਿਆ ਓਸ ਕੰਢੇ ਸਾਰੇ ਖੰਡਰ | 88 |
| ਸਿਖ਼ਰ ਦੁਪਹਿਰੇ ਕਾਂ-ਅੱਖ ਨਿਕਲੇ | 89 |
| ਅੱਧੀ ਰਾਤੀਂ ਗੋਲੀ ਚੱਲੀ ਵਰਤ | 90 |
| ਕਿਹੋ ਜਿਹਾ ਸ਼ਹਿਰ ਜਿੱਥੇ ਧੁੱਪ ਹੈ | 91 |
| ਕੁਤਰਿਆ ਉਸ ਇਸ ਤਰ੍ਹਾਂ ਸਾਡੇ ਪਰਾਂ | 92 |
| ਲਟ ਲਟ ਬਲ਼ਦੇ ਮੁਲਕ 'ਚ ਨੱਚਦਾ | 93 |
| ਅੱਖਾਂ ਵਿਚ ਉਨੀਂਦਾ ਰੜਕੇ ਉਮਰਾਂ ਦੇ | 94 |
| ਇਸ ਦੋਸਤੀ ਦੀ ਮਹਿਕ ਤਾਂ ਸਾਹਾਂ | 95 |

ਜਿੰਨ੍ਹਾਂ ਜ਼ਿੰਦਗੀ ਗੁਜ਼ਾਰੀ ਵਾਵਰੋਲਿਆਂ 96
ਮੀਲਾਂ ਦੇ ਵਿਚ ਫ਼ੈਲ ਗਈ ਹੈ ਕਾਲੇ 97
ਬੇ-ਮੌਸਮ ਬਰਸਾਤ ਮਧੋਲੀ ਫ਼ਸਲਾਂ 98
ਜੂਨ ਜੁਲਾਈ ਸਿਰ ਤੇ ਬਲ਼ਦੀ 99
ਰੁਕ ਰੁਕ ਤੇਜ਼ ਹਵਾ ਨਾ ਚੱਲ 100
ਹਰ ਸੀਸ ਤੇਗ ਹੇਠਾਂ ਹਰ ਜਿਸਮ 101
ਜੇ ਮੂੰਹੋਂ ਬੋਲਦੀ ਸ਼ੀਰੀਂ ਗ਼ਜ਼ਲ ਦੀ ਬਹਿਰ 102
ਸਾਡੇ ਘਰ ਨੂੰ ਤੀਲੀ ਲਾ ਗਏ ਬਹੁ 103
ਅੱਧੀ ਰਾਤੇ ਜਦ ਕੋਈ ਤਾਰਾ ਟੁੱਟੇ ਤਾਂ 104
ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ 105
ਅਖ਼ਬਾਰਾਂ 'ਚ ਰੋਜ਼ਾਨਾ ਮਰਿਆਂ ਦੀ 106
ਚੇਤੇ 'ਚੋਂ ਨਹੀਂ ਜਾਂਦੀ ਮੇਰੇ ਪਿਛਲੇ ਪਿੰਡ 107
ਹਾੜ੍ਹ-ਮਹੀਨਾ ਸਿਖ਼ਰ ਦੁਪਹਿਰਾ ਤੇਜ਼ 108
ਯਤਨ ਕਰਾਂਗਾ ਮੱਥੇ ਵਿਚਲੀ ਬਲ਼ਦੀ 109
ਅੰਗਾਂ ਦੇ ਵਿਚ ਵੜਦੀ ਜਾਵੇ ਠੰਢੀ 110
ਜੰਗਲ ਦੇ ਵਿਚ ਸ਼ਾਮ ਪਈ ਤੇ ਖ਼ੁਰਿਆ 111
ਜਿਨ੍ਹਾਂ ਦੇ ਪਿੰਡਿਆਂ ਦੇ ਉੱਤੇ ਲਿਸ਼ਕ 112
ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ ਖ਼ੁਸ਼ਬੋਹੀਣ 113
ਹੌਕਿਆਂ ਦੇ ਵਿਚ ਉਲਝ ਗਈ ਹੈ ਸਾਹਾਂ 114
ਚਾਰ ਚੁਫ਼ੇਰੇ 'ਨੇਰ੍ਹ ਦਾ ਪਹਿਰਾ ਗਠੜੀ 115
ਅੰਬਰ ਦੇ ਵਿਚ ਬਿਜਲੀ ਕੜਕੇ ਲਿਸ਼ਕੇ 116
ਆਲ ਦੁਆਲੇ ਲਾਟਾਂ ਵਗਦੀ ਗਰਮ 117
ਹਵਾ ਵਿਚ ਉੱਡ ਰਿਹਾ ਸਾਂ ਡਿੱਗ ਪਿਆ 118
ਤਪਦੇ ਥਲਾਂ ਦਾ ਪੈਂਡਾ ਸਾਹਾਂ ਦੀ ਰਾਸ 119
ਹਰ ਹਾਦਿਸੇ ਨੂੰ ਜਿਹੜਾ ਮਿਲਦਾ ਸੀ 120
ਸਾਂਭ ਕੇ ਕਾਗ਼ਜ਼ ਕਿਤਾਬਾਂ ਕੰਧ 121
ਜਦੋਂ ਪੰਛੀ ਪਰਾਂ ਨੂੰ ਤੋਲਦਾ ਹੈ 122
ਕੰਡਿਆਂ ਦੀ ਤਾਰ ਅੰਦਰ ਜ਼ਿੰਦਗੀ 123
ਹਾਦਸਿਆਂ ਦੀ ਦੁਨੀਆਂ ਅੰਦਰ ਅਜਬ 124
ਪਿੰਡ ਗਏ ਨੂੰ ਘੂਰਦੀਆਂ ਨੇ ਧੂੜਾਂ 125
ਬੰਦ ਕਮਰੇ ਵਿਚ ਬੈਠ ਪੜ੍ਹਾਂ ਮੈਂ ਰੋਜ਼ਾਨਾ 126
ਗੋਲੀਆਂ ਵਿੰਨ੍ਹੇ ਜਿਸਮ ਕੂਕਦੇ ਸੜਕਾਂ 127
ਲੋਕ-ਰੂਹ ਦੀਆਂ ਬੋਲੀਆਂ 128

●

# ਨਵੀਂ ਕਾਵਿ ਸੰਵੇਦਨਾ ਦਾ ਕਵੀ

ਗੁਰਭਜਨ ਗਿੱਲ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਹ ਤਾਂ ਹਰ ਪੜ੍ਹੇ-ਲਿਖੇ ਪੰਜਾਬੀ ਦੇ ਮਨ ਵਿਚ ਗੂੰਜ ਰਿਹਾ ਹੈ। ਹੁਣ ਤੀਕ ਉਸ ਨੇ ਤਿੰਨ ਕਾਵਿ-ਪੁਸਤਕਾਂ ਦੀ ਰਚਨਾ ਕੀਤੀ ਹੈ ਜਿਨ੍ਹਾਂ ਦੀ ਬਦੌਲਤ ਉਹ ਪੰਜਾਬੀ ਦੇ ਸਾਹਿਤਕ ਹਲਕਿਆਂ ਵਿਚ ਖ਼ੂਬ ਚਰਚਿਤ ਹੋਇਆ ਹੈ। ਪੰਜਾਬ ਦੀ ਧਰਤੀ ਅਤੇ ਦੂਰ-ਦੁਰਾਡੇ ਦੇਸਾਂ-ਪ੍ਰਦੇਸਾਂ ਵਿਚ ਵੀ ਮੀਡੀਆ ਨੇ ਉਸ ਦੀ ਕਵਿਤਾ ਦਾ ਨੋਟਿਸ ਲਿਆ ਹੈ। ਇਸ ਲਈ ਟੀ ਵੀ, ਰੇਡੀਉ, ਮਹਿਫ਼ਲਾਂ ਤੇ ਮੇਲਿਆਂ ਵਿਚ ਉਸ ਦੀ ਸ਼ਾਇਰੀ ਦੇ ਬੋਲ ਗੂੰਜਦੇ ਹਨ।

ਸੁਰਖ਼ ਸਮੁੰਦਰ ਉਸ ਦੀ 1992 'ਚ ਪਹਿਲੀ ਵਾਰ ਛਪੀ ਕਾਵਿ ਪੁਸਤਕ ਹੈ। ਇਹ ਪੁਸਤਕ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਵਿਚ ਗੁਰਭਜਨ ਦੀ ਕਾਵਿ ਚੇਤਨਾ ਦਾ ਅਗਲਾ ਵਿਕਾਸ ਉੱਭਰਦਾ ਦਿਖਾਈ ਦਿੰਦਾ ਹੈ।

ਅਸਲ ਵਿਚ ਗੁਰਭਜਨ ਨੂੰ ਲੁਧਿਆਣਾ ਸ਼ਹਿਰ ਵਿਚ ਰਹਿਣ ਦਾ ਸ਼ਰਫ਼ ਹਾਸਲ ਹੈ ਜੋ ਪੰਜਾਬੀ ਕਵਿਤਾ ਦਾ 'ਤੀਰਥ' ਬਣਦਾ ਜਾ ਰਿਹਾ ਹੈ। ਲੁਧਿਆਣਾ ਪੰਜਾਬੀ ਦੇ ਕਈ ਨਾਮਵਰ ਤੇ ਪ੍ਰੌੜ ਕਵੀਆਂ ਦੀ ਰਿਹਾਇਸ਼ਗਾਹ ਬਣਿਆ ਹੈ। ਪੰਜਾਬੀ ਦੇ ਸਿਰਮੌਰ ਕਵੀ ਮੋਹਨ ਸਿੰਘ ਨੇ ਲੁਧਿਆਣਾ ਨਗਰ ਨੂੰ ਆਪਣੀ ਆਖ਼ਰੀ ਕਿਆਮ-ਗਾਹ ਬਣਾ ਲਿਆ ਸੀ। ਇਨ੍ਹਾਂ ਵਰ੍ਹਿਆਂ ਵਿਚ ਹੀ ਦੁਆਬਾ ਅੰਚਲ ਦੇ ਜੰਮਪਲ ਅਤੇ ਪਟਿਆਲਾ ਯੂਨੀਵਰਸਿਟੀ ਦੇ ਮੇਰੇ ਵਿਦਿਆਰਥੀ, ਕਵੀ ਸੁਰਜੀਤ ਪਾਤਰ ਦਾ ਨਿਵਾਸ-ਅਸਥਾਨ ਵੀ ਲੁਧਿਆਣਾ ਬਣ ਗਿਆ। ਲੁਧਿਆਣੇ ਦੀ ਇਸੇ ਧਰਤੀ ਤੇ ਗੁਰਭਜਨ ਗਿੱਲ ਦੀ ਸ਼ਾਇਰੀ ਪੁੰਗਰੀ ਤੇ ਪ੍ਰਵਾਨ ਚੜ੍ਹੀ ਹੈ। ਹੁਣ ਏਥੇ ਹੀ ਉਸਦੀ ਸ਼ਾਇਰੀ ਦਾ ਪ੍ਰੌੜ-ਯੁਗ ਉਦੈ ਹੋਇਆ ਹੈ। ਅੱਜ ਉਹ ਲਾਲ ਸੂਹਾ ਸੁਰਖ਼ ਸਮੁੰਦਰ ਲੈ ਕੇ ਸਾਡੇ ਸਾਹਮਣੇ ਹਾਜ਼ਰ ਹੋਇਆ ਹੈ।

ਇਸ ਕਵਿਤਾ-ਸੰਗ੍ਰਹਿ ਵਿਚ ਕਵੀ ਦੀ ਚਿੰਤਨ-ਧਾਰਾ ਵਿਚ ਵਿਕਾਸ ਹੋਇਆ ਹੈ। ਹੁਣ ਉਸ ਦੀ ਕਾਵਿ-ਸਿਰਜਣਾ ਵਿਚ ਭਾਵੁਕ ਪ੍ਰਤੀਕਰਮ ਤੋਂ ਅਗਾਂਹ ਲੰਘ ਕੇ ਵਿਸ਼ਲੇਸ਼ਣ, ਚਿੰਤਨ, ਤਰਕ ਤੇ ਦਲੀਲ ਦਾ ਸੁਰ ਵੀ ਉੱਭਰਿਆ ਹੈ। ਪਹਿਲਾਂ ਗੁਰਭਜਨ ਇੱਕੋ ਨੁਕਤੇ ਤੇ ਸਰਗਰਮ ਸੀ ਪਰ ਹੁਣ ਉਸ ਦੀ ਸੋਚ ਤੇ ਸੋਚਣੀ ਵਿਚ ਗਤੀ ਹੈ, ਵੇਗ ਹੈ, ਪਸਾਰ ਹੈ। ਅਤੇ ਨਵੇਂ ਧਰਾਤਲ ਉਸਾਰਨ ਦੀ ਤਮੰਨਾ ਹੈ। ਪੜਚੋਲਵੀਂ ਨਜ਼ਰ ਨਾਲ ਕੀਤਾ ਸ੍ਵੈ ਵਿਸ਼ਲੇਸ਼ਣ ਗੁਰਭਜਨ ਦੀਆਂ ਇਨ੍ਹਾਂ ਕਾਵਿ-ਸਤਰਾਂ ਵਿਚੋਂ ਜ਼ਾਹਰ ਹੁੰਦਾ ਹੈ :

ਮੇਰੇ ਸਿਰ ਤੇ ਇਹ ਕਿੱਦਾਂ ਦੀ ਸ਼ਾਮ ਢਲੀ ਹੈ
ਆਸਾਂ ਵਾਲੇ ਸਾਰੇ ਪੰਛੀ
ਬਿਨਾਂ ਚੋਗਿਉਂ ਮੁੜ ਆਏ ਨੇ...

ਮੈਨੂੰ ਮੇਰਾ ਮਨ ਪੁੱਛਦਾ ਹੈ
ਤੇਰੇ ਸ਼ਬਦ-ਕੋਸ਼ ਵਿਚ
ਖ਼ਰ੍ਹਵੇ ਅੱਖਰਾਂ ਦੀ ਭਰਮਾਰ ਕਿਉਂ ਹੈ ?
ਕਈ ਜਨਮਾਂ ਦੀ ਪੀੜ ਭਟਕਣਾ
ਤੇਰੇ ਪੱਲੇ ਆਮ ਕਿਉਂ ਹੈ ?

ਇਸੇ ਤਰ੍ਹਾਂ ਆਪਣੀ ਇਕ ਹੋਰ ਕਵਿਤਾ ਆਪਣੇ ਖ਼ਿਲਾਫ਼ ਅਤੇ ਦੁਚਿੱਤੀ 'ਚੋਂ ਲੰਘਦਿਆਂ ਵਿਚ ਵੀ ਕਵੀ ਗੁਰਭਜਨ ਗਿੱਲ ਚਿੰਤਨ ਤੇ ਵਿਸ਼ਲੇਸ਼ਣ ਦੀ ਵਿਧੀ ਦਾ ਹੀ ਪ੍ਰਗਟਾਵਾ ਕਰਦਾ ਹੈ।

ਇਕ ਵੰਨਗੀ ਪੇਸ਼ ਹੈ :

ਅੰਬਰ ਵਿਚ ਅੱਜ ਤੁਰ ਜਾਵਣ ਨੂੰ
ਜੀਅ ਕਰਦਾ ਸੀ
ਇਹ ਹੀ ਸੋਚ ਕੇ ਬੈਠ ਗਿਆ ਹਾਂ
ਖੰਭਾਂ ਤੋਂ ਬਿਨ ਕੀਕਣ ਅੰਬਰੀਂ ਪਹੁੰਚ ਸਕਾਂਗਾ।
ਹੱਥਾਂ ਤੋਂ ਬਿਨ ਕੀਕਣ ਤਾਰੇ ਤੋੜ ਸਕਾਂਗਾ।

ਹੁਣ ਕਵੀ ਸੋਚਸ਼ੀਲ ਹੈ, ਚਿੰਤਾਤੁਰ ਹੈ, ਗੁਆਚਿਆਂ ਲਈ ਫ਼ਿਕਰਮੰਦ ਹੈ। ਉਸ ਦੀ ਇਹ ਚਿੰਤਾ ਵੀ ਉਸ ਦੀ ਜਾਗਰੂਕ ਚੇਤਨਾ ਦੀ ਹੀ ਪੈਦਾਵਾਰ ਹੈ। ਚਿੰਤਾ ਆਖ਼ਰਕਾਰ ਚੇਤਨਾ ਦਾ ਹੀ ਅਗਲਾ ਪੜਾਅ ਹੈ। ਚਿੰਤਤ ਹੋ ਕੇ ਕਵੀ ਗੁਆਚਿਆਂ ਦੀ ਤਲਾਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਹਾਕਾਂ ਮਾਰਦਾ ਹੈ :

ਗੁਆਚੇ ਯਾਰ ਸਾਰੇ ਸ਼ਹਿਰ ਵਿਚ ਕਿਸ ਨੂੰ ਬੁਲਾਵਾਂਗਾ।
ਮੈਂ ਕਿਸ ਦੇ ਕੋਲ ਜਾ ਕੇ ਆਪਣੀ ਵਿਥਿਆ ਸੁਣਾਵਾਂਗਾ।

ਗੁਆਚੇ ਚਿਹਰਿਓ! ਆਓ! ਤੁਹਾਨੂੰ ਘਰ ਨੂੰ ਲੈ ਚੱਲਾਂ,
ਨਹੀਂ ਤਾਂ ਆਪ ਵੀ ਮੈਂ ਰੌਲ਼ਿਆਂ ਵਿੱਚ ਗ਼ਰਕ ਜਾਵਾਂਗਾ।

ਇਸ ਤਰ੍ਹਾਂ ਹੀ ਉਸ ਦੇ ਵਿਚਾਰ-ਚਿੰਤਨ ਦੀ ਕਾਵਿ-ਧਾਰਾ ਵਿਚੋਂ ਇਕ ਹੋਰ ਪਹਿਲੂ ਝਲਕਦਾ ਹੈ, ਉਹ ਹੈ ਉਸ ਦੀ ਦੁਚਿੱਤੀ ਤੇ ਦੁਬਿਧਾ ਗ੍ਰਸਤ ਅਵਸਥਾ। ਇਹ ਦੁਚਿੱਤੀ ਅਤੇ ਇਹ ਦਵੰਦ ਵੀ ਉਸ ਦੇ ਬਹੁਤ ਸਾਰੇ ਸ਼ੇਅਰਾਂ ਵਿਚੋਂ ਪ੍ਰਗਟ ਹੁੰਦਾ ਹੈ। ਜਿਵੇਂ :

ਨਾ ਜੀਂਦੇ ਨਾ ਮੋਇਆਂ ਅੰਦਰ ਦੋ - ਚਿੱਤੀ ਨੇ ਘੇਰੇ,
ਕਿੱਥੇ ਤੀਕ ਪੁਚਾ ਛੱਡਿਆ ਏ ਨਿੱਕਿਆਂ-ਨਿੱਕਿਆਂ ਚਾਵਾਂ।

ਦਿਨ ਭਰ ਜਿਹੜੀ ਰਾਤ ਉਡੀਕਾਂ ਰਾਤ ਪਿਆਂ ਘਬਰਾਵਾਂ।
ਸਮਝ ਨਹੀਂ ਆਉਂਦੀ ਅੰਨ੍ਹੇ ਖੂਹ 'ਚੋਂ ਕਿੱਧਰ ਨੂੰ ਮੈਂ ਜਾਵਾਂ।

ਹੁਣ ਇਸ ਸਾਰੀ ਸ੍ਵੈ-ਪੜਚੋਲ ਦੀ ਕਸ਼ਮਕਸ਼ ਵਿਚੋਂ ਕਵੀ ਦੇ ਮਨਅੰਤਰ ਵਿਚ ਕਿਸੇ ਡੂੰਘੇ ਪਛਤਾਵੇ ਦੀ ਧੁਨੀ ਉੱਠਦੀ ਹੈ ਜਿਸ ਕਾਰਨ ਕਵੀ ਗ਼ਮਗੀਨ ਹੁੰਦਾ ਹੈ। ਪਰ ਛੇਤੀ ਹੀ ਉਹ ਆਪਣੀ ਹਸਤੀ, ਆਪਣੇ ਪਰਛਾਵੇਂ ਅਤੇ ਆਪਣੇ ਗੁਆਚੇ ਨਕਸ਼ਾਂ ਦੀ ਮੁੜ-ਪਹਿਚਾਣ ਸਥਾਪਤ ਕਰਨ ਲਈ ਉਤਸੁਕ ਹੁੰਦਾ ਹੈ। ਅਜਿਹੇ ਸ੍ਵੈ-ਪਛਤਾਵੇ ਦਾ ਰੰਗ ਇਨ੍ਹਾਂ ਸ਼ਿਅਰਾਂ ਵਿਚ ਝਲਕਦਾ ਹੈ :

ਇਹ ਤਾਂ ਇਕ ਦਿਨ ਹੋਣੀ ਹੀ ਸੀ, ਬਹੁਤ ਉਡੀਕ ਰਿਹਾ ਸਾਂ,
ਹਾਦਸਿਆਂ ਵਿਚ ਨਕਸ਼ ਗੁਆ ਕੇ, ਹੁਣ ਕਾਹਨੂੰ ਪਛਤਾਵਾਂ।
ਤੇਰੀ ਧੁੱਪ ਮੁਬਾਰਕ ਤੈਨੂੰ ਛਾਂ ਤੇਰੀ ਵੀ ਤੈਨੂੰ,
ਮੈਨੂੰ ਬਹੁਤ ਗੁਜ਼ਾਰੇ ਜੋਗਾ ਆਪਣਾ ਹੀ ਪਰਛਾਵਾਂ।

ਕਵੀ ਦਾ ਇਹ ਪਛਤਾਵਾ, ਇਹ ਗ਼ਮ ਅਤੇ ਆਪਣੇ ਗੁਆਚੇ ਨਕਸ਼ਾਂ ਦਾ ਫ਼ਿਕਰ, ਇਹ ਸੱਭੋ ਕੁਝ ਉਸ ਦੀ ਕਾਵਿ-ਸੰਵਦੇਨਾ ਵਿਚ ਗਹਿਰੀ ਉਪਰਾਮਤਾ ਪੈਦਾ ਕਰਦਾ ਹੈ। ਉਹ ਹੁਣ ਬੇਗਾਨਗੀ ਦੇ ਇਸ ਅਜਨਬੀ ਪਰਪੰਚ ਤੋਂ ਉਦਾਸ ਹੈ, ਇਸ ਲਈ ਉਹ ਡੂੰਘੀ ਮਮਤਾ, ਨਿੱਘ ਤੇ ਅਪਣੱਤ ਨੂੰ ਲੋਚਦਾ ਹੈ। ਕੁੜੱਤਣਾਂ ਭਰੇ ਮਾਹੌਲ ਵਿਚ ਉਸ ਦਾ ਜੀਅ ਨਹੀਂ ਲੱਗਦਾ। **ਸੁਰਖ਼ ਸਮੁੰਦਰ** ਦੀ ਕਵਿਤਾ ਇਸ ਰੁੱਖ ਥੱਲੇ ਜੀਅ ਨਹੀ ਲੱਗਦਾ ਵਿਚ ਕਵੀ ਦੀ ਘੋਰ ਉਪਰਾਮਤਾ ਦੇ ਇਹ ਬੋਲ ਸੁਣੋ :

ਇਸ ਰੁੱਖ ਥੱਲੇ ਜੀਅ ਨਹੀਂ ਲੱਗਦਾ।
ਵਾਂਗ ਕਿਸੇ ਅਣਚਾਹੀ ਬੂਟੀ,
ਬਾਬੂ ਵਾਂਗੂ ਉੱਗੇ ਰਹਿਣਾ,
ਜਾਂ ਫਿਰ ਤੋਤੇ-ਟੁੱਕੀਆਂ ਗੋਲਾਂ,
ਖਾਣ ਨੂੰ ਉੱਕਾ ਮਨ ਨਹੀਂ ਮੰਨਦਾ।
ਜੀਅ ਕਰਦੈ ਮੈਂ ਹੁਣ ਤਾਂ ਦੌੜ ਮੈਦਾਨੀ ਜਾਵਾਂ,
ਚੁੰਗੀਆਂ ਭਰਾਂ ਮਿਰਗ ਬਣ ਜਾਵਾਂ।

ਪੰਜਾਬੀ ਦੇ ਆਧੁਨਿਕ ਕਵੀ ਸ.ਸ. ਮੀਸ਼ਾ ਦੀ ਇਸ ਕਵਿਤਾ ਦਾ ਕੁਝ ਇਸੇ ਤਰ੍ਹਾਂ ਦਾ ਹੀ ਅੰਦਾਜ਼ ਦੇਖਣਯੋਗ ਹੈ।

ਹੁਣ ਇਸ ਘਰ ਵਿਚ ਜੀਅ ਨਹੀਂ ਲੱਗਦਾ।
ਸਾਰਾ ਦਿਨ ਤੱਕਿਆ ਅਸਮਾਨੀਂ,
ਭੈ ਦੀਆਂ ਗਿਲਝਾਂ ਭਾਉਂਦੀਆਂ ਰਹੀਆਂ।

ਇਸ ਤੋਂ ਬਿਨਾਂ ਗੁਰਭਜਨ ਦੇ ਉਪਰੋਕਤ ਬੋਲ 'ਚੁੰਗੀਆਂ ਭਰਾਂ ਮਿਰਗ ਬਣ ਜਾਵਾਂ ਵਿਚ ਮਨੁੱਖ ਦੇ ਮੂਲ ਅਸਲੇ ਵੱਲ ਮੁੜਨ ਦਾ ਜੋ ਸੰਕਲਪ ਜ਼ਾਹਿਰ ਹੁੰਦਾ ਹੈ, ਉਹ ਅੰਗਰੇਜ਼ੀ ਰੋਮਾਂਟਿਕ ਕਵੀਆਂ ਦੇ back to nature ਜਾਂ back to roots ਦੇ ਨਾਅਰੇ ਨਾਲ

ਮਿਲਦਾ ਜੁਲਦਾ ਹੈ। ਪ੍ਰੋ. ਪੂਰਨ ਸਿੰਘ ਨੇ ਵੀ ਜਦੋਂ ਆਪਣੀ ਖੁੱਲ੍ਹੀ ਕਵਿਤਾ ਵਿਚ ਕਿਹਾ ਸੀ, 'ਮੈਂ ਮੁੜ ਮੁੜ ਲੋਚਾਂ ਪਸ਼ੂ ਥੀਣ ਨੂੰ, ਮੈਂ ਆਦਮੀ ਬਣ ਬਣ ਥੱਕਿਆ' ਤਾਂ ਇਸ ਵਿਚ ਵੀ ਇਸੇ ਬ੍ਰਹਿਮੰਡੀ ਸੰਕਲਪ ਦੀ ਧੁਨੀ (concept of cosmic awareness) ਗੂੰਜਦੀ ਹੈ।

**ਸੁਰਖ਼ ਸਮੁੰਦਰ** ਦੀਆਂ ਇਨ੍ਹਾਂ ਕਵਿਤਾਵਾਂ ਦੇ ਵਸਤੂ-ਵਿਵੇਕ ਤੋਂ ਇਕ ਗੱਲ ਤਾਂ ਪ੍ਰਤੱਖ ਹੁੰਦੀ ਹੈ ਕਿ ਗੁਰਭਜਨ ਗਿੱਲ ਹੁਣ ਇਸ ਪੜਾਅ ਤੇ ਆ ਕੇ ਕਿਸੇ ਚਿੰਤਨ-ਬਿਰਤੀ ਨਾਲ ਜੁੜਿਆ ਹੋਇਆ ਹੈ। ਉਸ ਦੀ ਚਿੰਤਨਸ਼ੀਲ ਤੇ ਸੋਚਸ਼ੀਲ ਬਿਰਤੀ ਚਿੰਤਨ ਦੀ ਇਹ ਥੀਮ ਕਈ ਹੋਰ ਪਸਾਰਾਂ ਵਿਚ ਵੀ ਫ਼ੈਲੀ ਹੋਈ ਹੈ। ਸੋ ਚਿੰਤਨ-ਪਰਕ ਥੀਮ ਦਾ ਇਕ ਹੋਰ ਪਸਾਰ ਹੈ ਕਵੀ ਦੀ ਇਤਿਹਾਸ ਚੇਤਨਾ। ਇਤਿਹਾਸ ਚੇਤਨਾ ਦੇ ਪਿਛੋਕੜ ਵਿਚ ਕਵੀ ਗੁਰਭਜਨ ਗਿੱਲ ਮਨੁੱਖ ਦੀ ਪੁਰਾਤਨ ਸੱਭਿਅਤਾ ਅਤੇ ਆਧੁਨਿਕ ਸੱਭਿਅਤਾ ਵਿਚਕਾਰ ਟਾਕਰਾ ਕਰਕੇ ਮਨੁੱਖ ਦੀ ਮੌਜੂਦਾ ਸਥਿਤੀ ਵਿਚ ਤਕਰਾਰ ਤੇ ਤਣਾਉ ਅਨੁਭਵ ਕਰਦਾ ਹੈ। ਮਾਡਰਨ ਤਹਿਜ਼ੀਬ ਨੇ ਮਨੁੱਖ ਦਾ ਇਸ ਕਦਰ ਪਤਨ ਕੀਤਾ ਹੈ ਕਿ ਉਹ ਦਿਨੇ-ਰਾਤ ਸਹਿਮ, ਖ਼ੌਫ਼ ਤੇ ਸੰਤ੍ਰਾਸ ਦੇ ਸਾਏ ਹੇਠ ਸਿਰਫ਼ ਸਾਹ ਹੀ ਲੈਂਦਾ ਹੈ। ਕਵੀ ਤਰੱਕੀ-ਯਾਫ਼ਤਾ ਤਹਿਜ਼ੀਬ ਤੋਂ ਅਕੇਵਾਂ ਮਹਿਸੂਸ ਕਰਦਾ ਹੋਇਆ ਐਸੀ ਤਹਿਜ਼ੀਬ ਨੂੰ ਪ੍ਰਸ਼ਨ-ਚਿੰਨ੍ਹਤ ਕਰਦਾ ਹੈ। ਗੁਰਭਜਨ ਦੀ ਕਵਿਤਾ ਬਨਾਮ ਸੱਭਿਅਤਾ ਵਿਚ ਮਨੁੱਖੀ ਸਭਿਅਤਾ ਵਿਚ ਤਣਾਉ ਤੇ ਟਕਰਾਉ ਦਾ ਜੋ ਦਵੰਦ ਪੇਸ਼ ਕੀਤਾ ਗਿਆ ਹੈ, ਉਸ ਦੀਆਂ ਵੰਨਗੀਆਂ ਹਾਜ਼ਰ ਹਨ :

ਉਂਝ ਗੱਲ ਕਿੰਨੀ ਕੁ ਪੁਰਾਣੀ ਹੋ ਸਕਦੀ ਏ ਭਲਾ।
ਉਦੋਂ ਤਾਂ ਅਜੇ ਸੜਕਾਂ ਤੇ ਰਿੜ੍ਹਦੇ ਸਾਂ...।
ਜਦ ਰਿੜ੍ਹਦੇ ਪਹੇ ਵਿਚਕਾਰ ਰਿੜ੍ਹਦੇ।
ਕਦੇ ਹਾਦਸੇ ਵਿਚ ਨਾ ਮਰਦੇ।
ਨਾ ਸਮੱਸਿਆ ਸੀ ਕੋਈ,
ਹੱਲ ਸੋਚਣ ਦੀ ਲੋੜ ਹੀ ਕੀ ਸੀ ?...
ਇਹ ਬਹੁਤ ਮਗਰੋਂ ਦੀ ਗੱਲ ਹੈ,
ਕਿ ਸੜਕਾਂ ਭੀੜ ਵਿਚ ਡੁੱਬੀਆਂ,
ਤੇ ਉਮਰਾਂ ਸੜਕ ਤੇ ਦੁਰਘਟਨਾ 'ਚ ਮਰੀਆਂ।

ਗੁਰਭਜਨ ਦੀ ਇਕ ਹੋਰ ਕਵਿਤਾ ਪੁਰਾਣੀ ਸਾਂਝ ਵਿਚ ਵੀ ਪੁਰਾਣੀ ਤੇ ਨਵੀਂ ਸੱਭਿਅਤਾ ਦੇ ਵਿਰੋਧਾਤਮਕ ਸ਼ਬਦ-ਚਿੱਤਰ ਪੇਸ਼ ਕੀਤੇ ਗਏ ਹਨ, ਮੁਲਾਹਜ਼ਾ ਫੁਰਮਾਓ :

ਕਈ ਸਦੀਆਂ ਪੁਰਾਣਾ ਆਜੜੀ,
ਅੱਜ ਫੇਰ ਆਇਆ ਹੈ...।
ਦੁਆਰੇ ਤੇ ਖਲੋਤਾ ਸੱਭਿਅਤਾ ਨੂੰ, ਵਾਜ਼ ਦਿੰਦਾ ਹੈ...।
ਤੇਰੇ ਮੱਥੇ ਤੇ ਭੈੜੇ ਦਾਗ਼ ਕਾਹਦੇ ਨੇ।
ਇਕ ਤੇਰੇ ਮੂੰਹ 'ਤੇ ਝਰੀਟਾਂ ਕਿੰਝ ਪਈਆਂ ਨੇ...।

...ਤੇ ਹੁਣ ਇਕਲਾਪੇ ਦੀ ਪੰਡ ਨੂੰ
ਸਿਰ ਟਿਕਾਈ
ਫਿਰ ਰਿਹਾਂ ਅੱਜ ਵੀ...।

ਇਸ ਤਰ੍ਹਾਂ ਗੁਰਭਜਨ ਦੀ ਕਵਿਤਾ ਦੀ ਰੂਹ ਵਿਚ ਦੋ ਨਵੀਆਂ ਰੇਖਾਵਾਂ ਉੱਭਰੀਆਂ ਹਨ। ਇਕ ਹੈ ਸ੍ਵੈ-ਚਿੰਤਨ ਤੇ ਚੇਤਨਾ, ਜਿਸ ਨਾਲ ਚੁਤਰਫ਼ੇ ਪੱਸਰੀਆਂ ਬੇਇਨਸਾਫ਼ੀਆਂ ਤੇ ਵਿਸੰਗਤੀਆਂ ਦੇ ਦੌਰ ਵਿਚ ਕਵੀ ਆਪਣੀ ਹਸਤੀ ਤੇ ਹੋਂਦ ਦੀ ਮੁੜ-ਪਹਿਚਾਣ ਤਲਾਸ਼ ਕਰਦਾ ਹੈ। ਦੂਜੀ ਹੈ ਇਤਿਹਾਸ ਚੇਤਨਾ, ਜਿਸ ਨਾਲ ਉਹ ਵਿਸ਼ਵ-ਮਨੁੱਖ ਨੂੰ ਮੁਖ਼ਾਤਿਬ ਹੁੰਦਾ ਹੈ। ਉਸ ਦੀ ਹੋਣੀ ਤੇ ਹਸਤੀ ਦੇ ਦਵੰਦਵਾਦੀ ਰਿਸ਼ਤੇ ਦਾ ਮਹਾਂ-ਬਿੰਬ ਉਜਾਗਰ ਕਰਦਾ ਹੈ। ਇਸ ਚਿੰਤਨ ਤੇ ਚੇਤਨਾ ਦੇ ਕਾਰਨ ਕਵੀ ਗੁਰਭਜਨ ਗਿੱਲ ਆਪਣੀ ਕਾਵਿ-ਸਿਰਜਣਾ ਵਿਚ ਮੈਂ ਤੋਂ ਅਸੀਂ ਤੱਕ ਯਾਤਰਾ ਕਰਦਾ ਹੈ।

ਮਨੁੱਖ ਦੇ ਸੰਤਾਪ ਗ੍ਰਸਤ ਤੇ ਸਾਮਿਅਕ ਹਾਲਾਤ ਦੀ ਆਲੋਚਨਾ ਕਰਦਾ ਹੋਇਆ ਵੀ ਗੁਰਭਜਨ ਗਿੱਲ ਮਨੁੱਖਤਾ ਦੀਆਂ ਮੂਲ ਸਮੱਸਿਆਵਾਂ ਨਾਲ ਜਾ ਜੁੜਦਾ ਹੈ। ਨਿਰਸੰਦੇਹ ਇਹ ਉਸ ਦੀ ਸਾਹਿੱਤਕ ਪ੍ਰਾਪਤੀ ਹੈ।

ਏਥੇ **ਸੁਰਖ਼ ਸਮੁੰਦਰ** ਦੇ ਕਵੀ ਗੁਰਭਜਨ ਗਿੱਲ ਦੇ ਸਿਰਫ਼ ਮੁੱਖ ਅਨੁਭਵੀ ਦਾਇਰਿਆਂ ਦੀ ਹੀ ਗੱਲ ਕੀਤੀ ਜਾ ਸਕੀ ਹੈ, ਭਾਵੇਂ ਇਸ ਸੰਗ੍ਰਹਿ ਵਿਚ ਉਸ ਦੇ ਕਈ ਹੋਰ ਅਨੁਭਵ ਵੀ ਕਵਿਤਾ-ਬੱਧ ਹੋਏ ਹਨ। ਗੁਰਭਜਨ ਦੇ ਕਾਵਿ-ਅਨੁਭਵਾਂ ਦੀ ਵਸਤੂ ਜਿਸ ਰੂਪ-ਰੇਖਾ, ਜਿਸ ਤਰਜ਼ ਅਤੇ ਜਿਸ ਅਦਾ ਤੇ ਅੰਦਾਜ਼ ਰਾਹੀਂ ਉਜਾਗਰ ਹੋਈ ਹੈ, ਇਹ ਵੀ ਇਨ੍ਹਾਂ ਕਵਿਤਾਵਾਂ ਦਾ ਮਹਤੱਵਪੂਰਨ ਪਹਿਲੂ ਹੈ। ਵਸਤੂ ਅਤੇ ਰੂਪ ਵਿਚ ਇਕ ਅਦਵੈਤ ਰਿਸ਼ਤਾ ਜੋੜ ਕੇ ਕਵੀ ਨੇ ਕਲਾ ਦੇ ਅਭਿਆਸ ਦਾ ਜੋ ਪ੍ਰਗਟਾਵਾ ਕੀਤਾ ਹੈ, ਉਸ ਨਾਲ ਉਸ ਦੀ ਸਿਰਜਣਾ ਵਿਚ ਇਕ ਤਾਜ਼ਗੀ ਤੇ ਵਿਲੱਖਣਤਾ ਦੇ ਚਿੰਨ੍ਹ ਰੂਪਮਾਨ ਹੋਏ ਹਨ।

ਗੁਰਭਜਨ ਦੀ ਕਾਵਿ-ਕਲਾ ਦਾ ਉੱਘੜਵਾ ਤੱਤ ਉਸ ਦੀ ਭਾਸ਼ਾ ਦੀ ਸਮਰਥਾ ਅਤੇ ਉਸ ਦਾ ਨਵਾਂ ਕਾਵਿ-ਮੁਹਾਵਰਾ ਹੈ, ਜ਼ਿੰਦਗੀ ਦੇ ਆਮ-ਫਹਿਮ ਸ਼ਬਦਾਂ ਨੂੰ ਉਸ ਨੇ ਰਵਾਇਤੀ ਪ੍ਰਸੰਗਾਂ ਵਿਚੋਂ ਕੱਢ ਕੇ ਨਵੇਂ ਪ੍ਰਸੰਗਾਂ ਅਤੇ ਨਵੇਂ ਸੰਦਰਭਾਂ ਨਾਲ ਇਸ ਤਰ੍ਹਾਂ ਜੋੜਿਆ ਹੈ ਕਿ ਉਹ ਆਮ-ਫਹਿਮ ਸ਼ਬਦਾਂ, ਅਰਥਾਂ ਦੇ ਨਵੇਂ ਧਰਾਤਲ ਸਿਰਜਣ ਵਿਚ ਸਮਰਥ ਹੋਏ ਹਨ। ਇਸ ਤਰ੍ਹਾਂ ਗੁਰਭਜਨ ਗਿੱਲ ਕਾਵਿ-ਸ਼ਬਦਾਂ ਦੀ ਧੁਰ ਅੰਦਰਲੀ ਆਤਮਾ ਦਾ ਦ੍ਰਸ਼ਟਾ ਕਵੀ (A visionary poet) ਬਣ ਨਿਬੜਿਆ ਹੈ। ਮਿਸਾਲਾਂ ਹਾਜ਼ਰ ਹਨ :

ਅਸਾਂ ਨੂੰ ਆਸ ਸੀ ਪਹਿਲਾਂ,
ਉਹ ਕੀਕਣ ਤੁਰਣਗੇ ਯਾਰੋ।

ਜਦੋਂ ਵੀ ਧੁੱਪ ਲੜਦੀ ਹੈ,
ਉਦੋਂ ਹੀ ਵੱਟ ਚੜ੍ਹਦਾ ਹੈ।

ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ ਵਿਚ ਉੱਗੀਆਂ ਛਾਵਾਂ ਨਾਲ।
ਕਦਮ ਜੋੜ ਕੇ ਜਿਨ੍ਹਾਂ ਤੁਰਨਾ ਭਰ ਵਗਦੇ ਦਰਿਆਵਾਂ ਨਾਲ।

ਧੁੱਪਾਂ ਦਾ ਲੜਨਾ, ਛਾਵਾਂ ਦਾ ਉੱਗਣਾ, ਦਰਿਆਵਾਂ ਨਾਲ ਤੁਰਨਾ, ਅਜਿਹੇ ਵਾਕੰਸ਼ ਹਨ ਜਿਹੜੇ ਰਵਾਇਤੀ ਅਰਥਾਂ ਤੋਂ ਹਟ ਕੇ ਨਵੇਂ ਅਰਥਾਂ ਸੰਗ ਆ ਜੁੜੇ ਹਨ। ਗੁਰਭਜਨ ਦੀ ਇਹੋ ਭਾਸ਼ਾ-ਸ਼ਕਤੀ ਹੈ ਅਤੇ ਨਵਾਂ ਕਾਵਿ-ਮੁਹਾਵਰਾ ਹੈ।

ਮੈਂ ਤੇ ਮੈਂ ਦੇ ਹਮਸਫ਼ਰ ਕਵੀ ਗੁਰਭਜਨ ਗਿੱਲ ਦੀ ਨਵੀਂ ਸਿਰਜਣਾ ਸੁਰਖ਼ ਸਮੁੰਦਰ ਦਾ ਅਭਿਨੰਦਨ ਹੈ।

***ਪ੍ਰੇਮ ਪ੍ਰਕਾਸ਼ ਸਿੰਘ (ਡਾ.)***
*(ਰਿਟਾਇਰਡ ਪ੍ਰੋਫ਼ੈਸਰ)*

*ਪੰਜਾਬੀ ਯੂਨੀਵਰਸਿਟੀ*
*ਪਟਿਆਲਾ*

# ਪੰਜਾਬੀ ਗ਼ਜ਼ਲ ਦੀ ਵਿਸ਼ੇਸ਼ ਨੁਹਾਰ

ਇਸ ਸੰਗ੍ਰਹਿ 'ਚ ਸ਼ਾਮਲ ਗ਼ਜ਼ਲਾਂ ਨਾਲ ਗੁਰਭਜਨ ਗਿੱਲ ਉਨਾਂ ਪੰਜਾਬੀ ਕਵੀਆਂ ਦੀ ਕਤਾਰ ਵਿਚ ਆ ਗਿਆ ਹੈ ਜਿਹੜੇ ਪੰਜਾਬੀ ਗ਼ਜ਼ਲ ਦੀ ਵਿਸ਼ੇਸ਼ ਨੁਹਾਰ ਸਿਰਜਣ ਵਿਚ ਕਹਿਣ ਸੁਣਨ ਯੋਗ ਹਿੱਸਾ ਪਾ ਰਹੇ ਹਨ। ਗੁਰਭਜਨ ਗਿੱਲ ਬੜਾ ਸੁਚੇਤ ਗ਼ਜ਼ਲਕਾਰ ਹੈ ਤੇ ਉਸ ਦੀਆਂ ਗ਼ਜ਼ਲਾਂ ਨੂੰ ਪੜ੍ਹ ਕੇ ਇਸ ਗੱਲ ਦਾ ਇਹਸਾਸ ਹੁੰਦਾ ਹੈ ਕਿ ਉਸ ਨੇ ਪਾਕਿਸਤਾਨੀ ਤੇ ਭਾਰਤੀ ਪੰਜਾਬੀ ਗ਼ਜ਼ਲ ਦੀ ਸਮੁੱਚੀ ਪਰੰਪਰਾ ਨੂੰ ਆਪਣੀ ਸਾਧਨਾ ਵਿਚ ਸਮੋਇਆ ਹੈ। ਉਸ ਪਰੰਪਰਾ ਦਾ ਉਹ ਵਫ਼ਾਦਾਰ ਵਾਰਿਸ ਤੇ ਅਲਮਬਰਦਾਰ ਹੈ। ਉਸ ਦੀਆਂ ਬਹਿਰਾਂ, ਸ਼ਬਦਾਂ ਦੀ ਚੋਣ ਤੇ ਬੀੜ ਪੂਰੀ ਤਰ੍ਹਾਂ ਪੰਜਾਬੀ ਮੁਹਾਂਦਰੇ ਵਾਲੀ ਹੈ ਤੇ ਸ਼ਬਦ 'ਪਿੰਡ' ਸਿਰਫ਼ ਉਸ ਦੀ ਦੂਜੀ ਕਿਤਾਬ ਦੇ ਨਾਮ ਵਿਚ ਸ਼ਾਮਿਲ ਨਹੀਂ ਸਾਰੀ ਕਿਤਾਬ ਵਿਚ ਹੀ ਕਿਤੇ ਪ੍ਰਗਟ ਤੇ ਕਿਤੇ ਅਪ੍ਰਗਟ ਰੂਪ ਵਿਚ ਰਚਿਆ ਹੋਇਆ ਹੈ। ਪਿੰਡ ਸ਼ਬਦ ਪੰਜਾਬੀ ਗ਼ਜ਼ਲ ਲਈ ਨਵਾਂ ਨਹੀਂ, ਪਰ ਇਸ ਸ਼ਬਦ ਤੇ ਇਸ ਨਾਲ ਜੁੜੇ ਹਵਾਲਿਆਂ ਦੀ ਏਨੀ ਸੰਘਣੀ ਵਰਤੋਂ ਕਿਸੇ ਹੋਰ ਦੀਆਂ ਗ਼ਜ਼ਲਾਂ ਵਿਚੋਂ ਮਿਲਣੀ ਮੁਸ਼ਕਲ ਹੈ। ਉਸ ਦੀ ਕੋਈ ਵਿਰਲੀ ਗ਼ਜ਼ਲ ਹੀ ਫ਼ਸਲਾਂ ਜਾਂ ਪਿੰਡ ਤੋਂ ਵਿਰਵੀ ਹੈ। ਕੋਈ ਕੋਈ ਗ਼ਜ਼ਲ ਤਾਂ ਸਾਰੀ ਦੀ ਸਾਰੀ ਪਿੰਡ ਦੀ ਕਿਸੇ ਇਕ ਸਥਿਤੀ ਦਾ ਵਰਨਣ ਹੈ ਜਿਵੇਂ :

ਅੰਬਰ ਦੇ ਵਿਚ ਬਿਜਲੀ ਕੜਕੇ ਲਿਸ਼ਕੇ ਚਮਕ ਡਰਾਵੇ।
ਬਾਹਰ ਖਲੋਤੀਆਂ ਪੱਕੀਆਂ ਕਣਕਾਂ ਜਾਨ ਨਿਕਲਦੀ ਜਾਵੇ।

ਸਾਡੇ ਪਿੰਡ ਤਾਂ ਫੂਹੜੀ ਵਿਛ ਗਈ ਗੜ੍ਹੇਮਾਰ ਦੇ ਮਗਰੋਂ,
ਸ਼ਹਿਰਾਂ ਦੇ ਵਿਚ ਲਾਊਡ-ਸਪੀਕਰ ਉੱਚੀ ਉੱਚੀ ਗਾਵੇ।

ਠੰਢਾ-ਚੁੱਲ੍ਹਾ ਖ਼ਾਲੀ-ਬੋਰੀ ਸੱਖਣੇ-ਪੀਪੇ ਰੋਂਦੇ,
ਵੇਖ ਭੜੋਲੀਆਂ ਖ਼ਾਲੀਮ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

ਗੁਰਭਜਨ ਗਿੱਲ ਦੀ ਪੰਜਾਬੀ ਗ਼ਜ਼ਲ ਦੇ ਪਿੰਡ-ਪਰਾਣ ਨੂੰ ਪੰਜਾਬੀਪਨ ਦਾ ਜਾਮਾ ਪਹਿਨਾਉਣ ਦੀ ਕੋਸ਼ਿਸ਼ ਬੜੀ ਉੱਘੜਵੀਂ ਤੇ ਮੁੱਲਵਾਨ ਹੈ।

ਪਰੰਪਰਾ ਨੂੰ ਅੰਦਰ ਸਮੋਣ ਦੇ ਸਿਲਸਿਲੇ ਵਿਚ ਹੀ ਇਕ ਗੱਲ ਹੋਰ ਦੇਖਣਯੋਗ ਹੈ ਕਿ ਗੁਰਭਜਨ ਗਿੱਲ ਨੇ ਲਗਪਗ ਉਨ੍ਹਾਂ ਸਾਰੇ ਵਿਸ਼ਿਆਂ ਤੇ ਸਾਰੇ ਸਰੋਕਾਰਾਂ ਨੂੰ ਛੋਹਿਆ ਹੈ ਜਿਹੜੇ ਆਧੁਨਿਕ ਹਨ।

ਨਕਸਲਬਾੜੀ ਲਹਿਰ ਦਾ ਉਤਰਾਅ, ਆਪਣੀ ਦੁਚਿੱਤੀ, ਆਪਣੀ ਨਿਕਰਮਤਾ ਦਾ ਇਕਬਾਲ, ਆਪਣੀ ਸੁਰੱਖਿਆ ਦੀ ਇੱਛਾ ਕਾਰਨ ਆਪਣੇ ਅੰਦਰੋਂ ਬਿਨਸ ਰਹੇ ਵਿਦਰੋਹ ਦਾ ਖ਼ਿਆਲ, ਮੁੜ ਆਇਆਂ ਨੂੰ ਮਿਹਣਾ, ਆਤਮਗਿਲਾਨੀ, ਲੁਟੇਰਿਆਂ ਪ੍ਰਤੀ ਗੁੱਸਾ ਤੇ ਕਿਰਤੀ-ਪੁੱਤਾਂ ਨਾਲ ਮੋਹ ਅਤੇ ਇਕ ਉਮੀਦ ਲਗਪਗ ਸਾਰੇ ਸਰੋਕਾਰ ਉਸ ਨੇ ਅਪਣਾਏ ਹਨ। ਇਹ ਉਸ ਦੀ ਜਾਗਰੂਕਤਾ ਦੇ ਉਸ ਦੀ ਗ੍ਰਹਿਣਸ਼ੀਲ ਸੰਵੇਦਨਾ ਦੀ ਵੱਡੀ ਗਵਾਹੀ ਹੈ।

ਗੁਰਭਜਨ ਗਿੱਲ ਦੀ ਗ਼ਜ਼ਲ, ਤਰਾਸ਼ੀ ਹੋਈ, ਸਲੀਕੇ ਵਾਲੀ, ਸੰਤੁਲਿਤ ਗ਼ਜ਼ਲ ਹੈ। ਉਸ ਵਿਚ ਅੰਤਰਮੁਖੀ ਉਲਾਰ ਜਾਂ ਬੇਮੁਹਾਰਾ ਵਹਾਅ ਨਹੀਂ। ਇਹ ਉਸ ਦਾ ਗੁਣ ਹੈ ਪਰ ਕਿਤੇ ਕਿਤੇ ਇਹ ਗੱਲ ਇਕ ਸੀਮਾ ਵੀ ਬਣ ਜਾਂਦੀ ਹੈ ਕਿਉਂਕਿ ਇਹ ਉਸ ਦੀ ਗ਼ਜ਼ਲ ਨੂੰ ਆਪ-ਮੁਹਾਰੀ ਬਣਨ ਤੋਂ ਆਪਣੇ ਆਪ ਦੀਆਂ ਹਨ੍ਹੇਰੀਆਂ ਗਹਿਰਾਈਆਂ ਵਿਚ ਜਾਣ ਵੱਲੋਂ ਤੇ ਸਰਲਤਾ ਅਪਣਾਉਣ ਤੋਂ ਵਰਜੀ ਰੱਖਦੀ ਹੈ।

ਇਸ ਲਈ ਜਿੱਥੇ ਕਿਤੇ ਗੁਰਭਜਨ ਗਿੱਲ ਨੇ ਸਿੱਕੇਬੰਦ ਸਲੀਕੇ ਨੂੰ ਛੱਡ ਕੇ ਆਪਣੇ ਆਪ ਦੀ ਮੁਹਾਰ ਨੂੰ ਜ਼ਰਾ ਢਿੱਲੀ ਛੱਡਿਆ ਹੈ, ਉਥੇ ਉਹ ਮੈਨੂੰ ਵਧੇਰੇ ਪ੍ਰਭਾਵਸ਼ਾਲੀ ਜਾਪਿਆ ਹੈ :

ਅੰਨ੍ਹੀ ਬੋਲ਼ੀ ਰਾਤ ਹਨ੍ਹੇਰੀ ਰਹਿਣ ਦਿਉ।
ਕਾਲਖ਼ ਦੇ ਦਰਿਆ ਨੂੰ ਏਦਾਂ ਵਹਿਣ ਦਿਉ।

ਏਸ ਨਮੋਸ਼ੀ ਨੂੰ ਵੀ ਜੀਣਾ ਚਾਹੁੰਦਾ ਹਾਂ,
ਮੈਨੂੰ ਮੇਰਾ ਹਿੱਸਾ ਆਪੇ ਸਹਿਣ ਦਿਉ।

ਕਿੱਥੋਂ ਕਿੱਥੋਂ ਗਰਕਦਿਆਂ ਨੂੰ ਰੋਕੋਗੇ,
ਜੋ ਢਹਿੰਦਾ ਹੈ ਉਹਨੂੰ ਤਾਂ ਬੱਸ ਢਹਿਣ ਦਿਉ।

ਫਿਰ ਆਖੋਗੇ ਸਿਲ-ਪੱਥਰ ਹੈ ਕੂੰਦਾ ਨਹੀਂ,
ਮੈਨੂੰ ਅਪਣੀ ਦਰਦ-ਕਹਾਣੀ ਕਹਿਣ ਦਿਉ।

ਨਹਿਰਾਂ ਸੂਏ ਖਾਲ਼ ਤੁਹਾਡੇ ਨੌਕਰ ਨੇ,
ਮੇਰਾ ਇਕ ਦਰਿਆ ਤਾਂ ਵਗਦਾ ਰਹਿਣ ਦਿਉ।

ਹੌਲ਼ੀ ਹੌਲ਼ੀ ਇਕ ਦਿਨ ਆਪੇ ਨਿੱਤਰੇਗਾ,
ਮਿੱਟੀ ਰੰਗੇ ਪਾਣੀ ਨੂੰ ਹੁਣ ਬਹਿਣ ਦਿਉ।

ਜਗਦਾ ਬੁਝਦਾ ਜੰਗਲ਼ ਹੈ ਇਹ ਆਸਾਂ ਦਾ,
ਦਿਨ ਚੜ੍ਹਦੇ ਤਕ ਬਾਂਸਾਂ ਨੂੰ ਇੰਞ ਖਹਿਣ ਦਿਉ।

ਸ਼ਾਇਦ ਕੁਝ ਲੋਕਾਂ ਨੂੰ ਇਸ ਗ਼ਜ਼ਲ ਦੀ ਭਾਵਨਾ ਨਾਂਹ-ਮੁਖੀ ਤੇ ਨਿਰਾਸ਼ਾਵਾਦੀ ਲੱਗੇ, ਪਰ ਮੈਂ ਇਸ ਪੱਖ ਦਾ ਧਾਰਨੀ ਹਾਂ ਕਿ ਝੂਠੀ ਜਾਂ ਪੇਤਲੀ ਆਸ਼ਾ ਨਾਲੋਂ ਸੱਚੀ ਨਿਰਾਸ਼ਾ ਬਿਹਤਰ ਹੁੰਦੀ ਹੈ ਕਿਉਂਕਿ ਉਹ ਸਾਡੀ ਸੋਚ ਤੇ ਸਾਡੇ ਅਮਲ ਨੂੰ ਠੋਸ ਧਰਾਤਲ ਦਿੰਦੀ ਹੈ। ਸਾਨੂੰ ਵਧੇਰੇ ਯਥਾਰਥਵਾਦੀ ਤੇ ਵਧੇਰੇ ਦ੍ਰਿੜ ਬਣਾਉਂਦੀ ਹੈ। ਨਿਰਾਸ਼ਾ ਦੀਆਂ ਜੜ੍ਹਾਂ ਤਕ ਪਹੁੰਚਣਾ ਹੀ ਨਿਰਾਸ਼ਾ ਤੋਂ ਮੁਕਤ ਹੋਣ ਦੀ ਪਹਿਲੀ ਅਵਸਥਾ ਹੈ। ਨਿਰਾਸ਼ਾ ਨੂੰ ਢੱਕਣਾ, ਉਸ ਉਤੇ ਝੂਠੀ ਆਸ ਦੇ ਪਰਦੇ ਪਾਉਣੇ ਤਾਂ ਟੋਏ ਉਤੇ ਸਰਕੜਾ ਵਿਛਾਉਣ ਵਰਗਾ ਕੰਮ ਹੈ।

ਗੁਰਭਜਨ ਗਿੱਲ ਦਾ ਇਕ ਹੋਰ ਹਾਂ-ਮੁਖੀ ਪਹਿਲੂ ਇਹ ਹੈ ਉਸ ਦੀਆਂ ਕਾਫ਼ੀ ਗ਼ਜ਼ਲਾਂ ਇਕਾਗਰ ਗ਼ਜ਼ਲਾਂ ਹਨ। ਉਨ੍ਹਾਂ ਵਿਚਲੇ ਸ਼ਿਅਰਾਂ ਦੀ ਆਪਸੀ ਸਾਂਝ ਕੇਵਲ ਬਹਿਰ ਵਜ਼ਨ ਜਾਂ ਕਾਫ਼ੀਏ ਰਦੀਫ਼ ਦੀ ਨਹੀਂ, ਸਗੋਂ ਵਿਸ਼ੇ ਦੀ ਵੀ ਹੁੰਦੀ ਹੈ। ਗ਼ਜ਼ਲ ਦੀ ਇਕਾਗਰਤਾ ਉਸ ਦੀ ਕਾਵਿਕ ਹੂਕ  ਨਜ਼ਮ ਦੇ ਕੋਲ ਲੈ ਜਾਂਦੀ ਹੈ। ਉਸ ਦੀ ਗ਼ਜ਼ਲ ਦਾ ਅਗਲਾ ਸ਼ਿਅਰ ਪਹਿਲੇ ਸ਼ਿਅਰ ਦੇ ਪ੍ਰਭਾਵ ਨੂੰ ਡੂੰਘਾ ਬੇਸ਼ੱਕ  ਨਾ ਕਰੇ, ਉਸ ਨੂੰ ਖੰਡਿਤ ਨਹੀਂ ਕਰਦਾ। ਇਸ ਨੂੰ ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਦਾ ਆਪਸੀ ਸੰਬੰਧ ਗਗਨ-ਮੁਖੀ ਹੋਣ ਦੀ ਥਾਂ ਦੋਮੇਲ-ਮੁਖੀ ਹੈ। ਉਸ ਦੇ ਸ਼ਿਅਰ ਉੱਪਰ ਚੜ੍ਹਦੇ ਜਾਂ ਹੇਠ ਆਉਂਦੇ ਪੌਡਿਆਂ ਵਾਂਗ ਨਹੀਂ, ਸਮਾਨੰਤਰ ਰੇਖਾਵਾਂ ਵਾਂਗ ਹਨ।

ਗੁਰਭਜਨ ਦੀਆਂ ਗ਼ਜ਼ਲਾਂ ਕਿਤੇ ਕਿਤੇ ਲੋਕ-ਗੀਤਕ ਵਾਕੰਸ਼ਾਂ ਨੂੰ ਅਪਣਾ ਕੇ ਮਿੱਸਾ ਰੂਪ ਉਸਾਰਨ ਦਾ ਯਤਨ ਕਰਦੀਆਂ ਹਨ। ਇਹ ਮਿਸ਼ਰਣ ਸੰਜੋਗ ਬਣ ਸਕਦਾ ਹੈ ਜਾਂ ਨਹੀਂ ਇਹ ਭਵਿੱਖ ਦੀ ਸਾਧਨਾ ਤੇ ਮਾਹੌਲ ਤੇ ਨਿਰਭਰ ਕਰਦਾ ਹੈ।

ਜਦੋਂ ਤਕ ਪੰਜਾਬੀ ਗ਼ਜ਼ਲ ਇਕ ਕਾਵਿ-ਰੂਪ ਵਜੋਂ ਕਾਫ਼ੀ ਵਾਦ-ਵਿਵਾਦ ਵਿਚ ਫਸੀ ਹੋਈ ਹੈ, ਕਈ ਗੰਭੀਰ ਆਲੋਚਕ ਇਸ ਦੀ ਪ੍ਰਮਾਣਿਕਤਾ ਨੂੰ ਸੰਦੇਹ ਨਾਲ ਦੇਖਦੇ ਹਨ, ਗੁਰਭਜਨ ਗਿੱਲ ਦੇ ਨਿਰੋਲ ਗ਼ਜ਼ਲ-ਸੰਗ੍ਰਹਿ ਹਰ ਧੁਖਦਾ ਪਿੰਡ ਮੇਰਾ ਹੈ ਦਾ ਪ੍ਰਕਾਸ਼ਤ ਹੋਣਾ ਉਪਰੋਕਤ ਵਾਦ ਵਿਵਾਦ ਨੂੰ ਜ਼ਰਾ ਹੋਰ ਤਿੱਖਾ ਕਰੇਗਾ ਤੇ ਪੰਜਾਬੀ ਗ਼ਜ਼ਲ ਦੇ ਪੱਖ ਨੂੰ ਹੋਰ ਮਜ਼ਬੂਤ ਕਰੇਗਾ।

ਇਸ ਸੰਗ੍ਰਹਿ ਪ੍ਰਤੀ ਪਾਠਕਾਂ ਤੇ ਆਲੋਚਕਾਂ ਦਾ ਪ੍ਰਤੀਕਰਮ ਬੜਾ ਨਿੱਘਾ ਤੇ ਸਰਗਰਮ ਹੋਵੇਗਾ, ਇਸ ਗੱਲ ਦੀ ਮੈਨੂੰ ਸਿਰਫ਼ ਇੱਛਾ ਹੀ ਨਹੀਂ, ਪੱਕੀ ਉਮੀਦ ਵੀ ਹੈ।

ਸੁਰਜੀਤ ਪਾਤਰ (ਡਾ.)

ਪੱਤਰਕਾਰੀ, ਭਾਸ਼ਾਵਾਂ ਤੇ ਸਭਿਆਚਾਰ ਵਿਭਾਗ,
ਲੁਧਿਆਣਾ



ਖੁਦਾਇਆ! ਇਹ ਕਦੇ ਨਾ ਕਹਿਰ ਹੋਵੇ।
ਮਿਰੇ ਅੰਦਰ ਕਿਸੇ ਲਈ ਜ਼ਹਿਰ ਹੋਵੇ।
ਮਿਲੋ ਤਾਂ ਇਸ ਤਰ੍ਹਾਂ ਮਹਿਸੂਸ ਹੋਵੇ,
ਜਿਵੇਂ ਦਿਲ ਵਿੱਚ ਸਮੁੰਦਰ ਲਹਿਰ ਹੋਵੇ।

**ਰੇਖਾਂਕਣ: ਅਸੀਸ ਕੌਰ ਗਿੱਲ**

❑

## ਸ਼ੀਸ਼ਾ ਝੂਠ ਬੋਲਦਾ ਹੈ

ਮੇਰੇ ਸਿਰ ਤੇ ਇਹ ਕਿੱਦਾਂ ਦੀ ਸ਼ਾਮ ਢਲ਼ੀ ਹੈ।
ਆਸਾਂ ਵਾਲੇ ਸਾਰੇ ਪੰਛੀ,
ਬਿਨਾ ਚੋਗਿਉਂ ਮੁੜ ਆਏ ਨੇ।

ਬਿਨ ਰੁਜ਼ਗਾਰ ਦਫ਼ਤਰੋਂ ਮੁੜ ਗਏ ਕਾਰਡ ਵਾਂਗੂੰ,
ਵਿੱਥਾਂ ਵਿਰਲਾਂ ਦੇ ਵਿਚ,
ਆ ਕੇ ਉਲਝ ਗਏ ਨੇ।

ਮੇਰੇ ਸਿਰ ਤੇ ਇਹ ਕਿੱਦਾਂ ਦੀ ਸ਼ਾਮ ਢਲ਼ੀ ਹੈ।
ਮਹਿਬੂਬਾ ਦਾ ਪੱਤਰ,
ਬਲ਼ਦੇ ਅੱਖਰਾਂ ਵਾਲਾ,
ਘਰ ਦਾ ਪਰਛਾਵਾਂ ਪੈਂਦੇ ਹੀ,
ਇਕ ਦਮ ਅੱਗ ਤੋਂ ਰਾਖ਼ ਬਣ ਗਿਆ।
ਮੇਰੇ ਮੱਥੇ ਟਹਿਕਣ ਦੀ ਥਾਂ,
ਦਾਗ਼ ਬਣ ਗਿਆ।

ਇਹ ਕਿੱਦਾਂ ਦੀ ਸ਼ਾਮ ਕਿ ਸੁਪਨੇ ਮਾਤਮੀਆਂ ਦੇ ਵਾਂਗ,
ਬਰੂਹਾਂ ਮੱਲ ਬੈਠੇ ਨੇ।
ਕਾਲੇ ਸਿਆਹ ਚਿਹਰੇ ਲਟਕਾਈ,
ਵਾਲ ਖਿੰਡਾਈ,
ਕਿਸਦਾ ਪ੍ਰੇਤ ਡਰਾਵੇ ਦੇ ਦੇ,
ਘੂਰ ਰਿਹਾ ਹੈ।

ਸ਼ਾਮ ਕਿਹੀ ਹੈ ?
ਵੱਸਦਾ ਸ਼ਹਿਰ ਪਰਾਇਆ ਵਾਂਗੂੰ,
ਜਾਪ ਰਿਹਾ ਹੈ।
ਸੜਕਾਂ ਨਾਗਣੀਆਂ ਦੇ ਵਾਂਗੂੰ,

ਦੋ-ਮੂੰਹਾਂ ਤੋਂ ਡੱਸ ਰਹੀਆਂ ਨੇ।
ਕਿਸ ਪਾਸੇ ਵੱਲ ਜਾਵੇਂਗਾ?
ਕਹਿ ਹੱਸ ਰਹੀਆਂ ਨੇ।
ਸ਼ਾਮ ਢਲ਼ੀ ਹੈ,
ਘਰ ਵੱਲ ਪਰਤ ਰਹੇ ਨੇ ਲੋਕੀਂ,
ਮੋਢਿਆਂ ਉੱਤੇ ਧੌਣ ਟਿਕਾਈ।

ਕਿਹੜੇ ਨੇ ਇਹ,
ਬਾਹਾਂ ਵਾਲੇ ਟੁੰਡੇ ਲੋਕੀਂ ?
ਰੋਜ਼ ਸਵੇਰੇ,
ਆਪਣੇ ਪਰਛਾਵੇਂ ਦੇ ਪਿੱਛੇ,
ਲੱਗ ਤੁਰਦੇ ਨੇ।
ਸ਼ਾਮ ਢਲ਼ਦਿਆਂ,
ਆਪਣੇ ਪਰਛਾਵੇਂ ਤੋਂ ਡਰ ਕੇ,
ਅੱਗੇ ਅੱਗੇ ਨੱਸ ਤੁਰਦੇ ਨੇ।
ਪਤਾ ਨਹੀਂ ਕਿਓਂ ?
ਨਿੱਤ ਦਾ ਇਹ ਬੌਣਾ ਜਿਹਾ ਜੀਵਨ,
ਡਾਇਰੀ ਦੇ ਮੱਥੇ ਤੇ ਮੜ੍ਹ ਕੇ,
ਮਾਣ ਜਹੇ ਨਾਲ,
ਹਿੱਕਾਂ ਕੱਢ ਕੇ ਫਿਰ ਤੁਰਦੇ ਨੇ।

ਮੇਰੇ ਸਿਰ ਤੇ,
ਇਹ ਕਿੱਦਾਂ ਦੀ ਸ਼ਾਮ ਢਲ਼ੀ ਹੈ।
ਆਪਣੇ ਅੰਦਰ,
ਝਾਤੀ ਪਾਉਣੋਂ ਡਰ ਲੱਗਦਾ ਹੈ।
ਕਿੰਜ ਦਾ ਕੋੜ੍ਹ,
ਜੋ ਮੇਰੇ ਹੱਡੀਂ ਰਚ ਚੁੱਕਾ ਹੈ।
ਨਹੀਂ ! ਨਹੀਂ !
ਇਹ ਕੋੜ੍ਹ ਮੇਰਾ ਆਪਣਾ ਤਾਂ ਨਹੀਂ ਹੈ।
ਮੈਂ ਜਿਸ ਤਪਦਿਕ ਮਾਰੀ ਕੌਮ ਦਾ ਵਾਰਿਸ ਬਣਿਆ,
ਉਸਦੇ ਹੱਡੀਂ
ਕੋੜ੍ਹ ਕਈ ਸਦੀਆਂ ਦਾ ਤੁਰਿਆ।

ਗੰਦੇ ਨਾਵਲ,
ਬਲਿਊ ਫ਼ਿਲਮਾਂ ਤੱਕਦਾ ਬਾਬਲ,
ਕਿਸੇ ਬੇਟੇ ਤੋਂ ਚੰਗੇ ਚਾਲ-ਚਲਣ ਦੀਆਂ ਯਾਰੋ ਰੀਝਾਂ ਰੱਖਦੈ।

ਸ਼ਾਮ ਢਲੀ ਹੈ,
ਮੇਰੇ ਮਿੱਤਰਾਂ ਦੀ ਮਹਿਫ਼ਲ,
ਅੱਜ ਫੇਰ ਜੁੜੀ ਹੈ।
ਆਪੋ ਆਪਣੇ,
ਰੰਗਲੇ ਬਚਪਨ ਦਾ ਚਰਚਾ ਹੈ।
ਮੈਨੂੰ ਆਪਣੇ ਬਚਪਨ ਤੋਂ,
ਅੱਜ ਤੀਕ ਦਾ ਹਰ ਪਲ,
ਅੱਖ ਵਿਚ ਪਏ ਕਸੀਰਾਂ ਵਾਂਗੂੰ,
ਤੰਗ ਕਰਦਾ ਹੈ।
ਮੈਨੂੰ ਕੁਝ ਵੀ ਰੰਗ ਬਰੰਗਾ,
ਚੇਤਾ ਨਹੀਂ ਹੈ।
ਮੇਰੀਆਂ ਅੱਖਾਂ ਸਾਹਵੇਂ,
ਬਾਪੂ ਹੂੰਘ ਰਿਹਾ ਹੈ।
ਮੇਰੀਆਂ ਅੱਖਾਂ ਸਾਹਵੇਂ,
ਮਾਂ ਬੀਮਾਰ ਦਾ ਗ਼ਮ ਹੈ।

ਆਉਂਦੀ ਰਾਤ ਦਾ ਫ਼ਿਕਰ,
ਤੇ ਅਗਲੇ ਡੰਗ ਦਾ ਝੋਰਾ,
ਰਹਿ ਰਹਿ ਕੇ ਡੰਗ ਮਾਰ ਰਿਹਾ ਹੈ।

ਜੇ ਕੋਈ ਪੁੱਛੇ ਮੈਂ ਸਾਰਾ ਦਿਨ ਕੀਹ ਕਰਦਾ ਹਾਂ।
ਚੁੱਪ ਕਰਕੇ ਫੱਟ ਕਹਿ ਦੇਂਦਾ ਹਾਂ,
ਥਲ ਵਿਚੋਂ ਮੱਛੀਆਂ ਫੜਦਾ ਹਾਂ।

ਕਿੰਜ ਦੀ ਹੈ ਇਹ ਸ਼ਾਮ,
ਕਿ ਸ਼ੀਸ਼ਾ ਝੂਠ ਬੋਲ ਕੇ ਹੱਸ ਰਿਹਾ ਹੈ।
ਮੇਰਾ ਖੱਖਰੀ ਚਿਹਰਾ,
ਚੰਦਰਾ ਅਜੇ ਸਬੂਤਾ ਦੱਸ ਰਿਹਾ ਹੈ।

ਮੈਨੂੰ ਮੇਰਾ ਮਨ ਪੁੱਛਦਾ ਹੈ,
ਤੇਰੇ ਸ਼ਬਦ-ਕੋਸ਼ ਵਿਚ,
ਖਰ੍ਹਵੇ ਅੱਖ਼ਰਾਂ ਦੀ ਭਰਮਾਰ ਕਿਉਂ ਹੈ।
ਕਈ ਜਨਮਾਂ ਦੀ ਪੀੜ ਭਟਕਣਾ,
ਤੇਰੇ ਪੱਲੇ ਆਮ ਕਿਉਂ ਹੈ ?
ਆਪਣੇ ਹੀ ਬੋਲਾਂ ਤੇ,
ਤੇਰਾ ਕਬਜ਼ਾ ਨਹੀਂ ਹੈ।
ਤੂੰ ਕਿਉਂ ਐਵੇਂ ਬੋਲ-ਵਿਹੂਣਾ ਭਟਕ ਰਿਹਾ ਏਂ ?
ਕਿਉਂ ਆਪਣੇ ਪਰਛਾਵਿਉਂ ਡਰ ਕੇ,
ਅੱਧ ਵਿਚਕਾਹੇ ਲਟਕ ਰਿਹਾ ਏਂ।
ਕਿਉਂ ਚਿੜੀਆਂ ਦੇ ਵਾਂਗੂੰ,
ਆਪਣੇ ਅਕਸ ਤੇ,
ਠੂੰਗੇ ਮਾਰ ਰਿਹਾ ਏ ?
ਤੇਰਾ ਏਦਾਂ ਸੁੰਨ ਬੈਠੇ,
ਬਿਲਕੁਲ ਨਹੀਂ ਸਰਨਾ।

ਆਪਣੇ ਈ ਕੋਹੜਾਂ ਤੋਂ ਡਰਕੇ,
ਤੂੰ ਕਿੰਨਾ ਚਿਰ ਅਟਕ ਲਵੇਂਗਾ ?
ਇਹ ਬੇਚੈਨੀ ਉਮਰਾ ਭਰ ਦੀ
ਤੂੰ ਕਿੰਨਾ ਚਿਰ ਭਟਕ ਲਵੇਂਗਾ ?
ਅਜੇ ਤਾਂ ਗਲ਼ ਵਿਚ ਰੱਸਾ ਪਾਇਆ
ਤੂੰ ਕਿੰਨਾ ਚਿਰ ਲਟਕ ਲਵੇਂਗਾ ?
●

❑

## ਆਪਣੇ ਖ਼ਿਲਾਫ਼

ਦਿਲ ਦਾ ਰਾਂਝਣ ਬਹੁਤ ਨਿਚੱਲਾ,
ਜ਼ਿਦ ਕਰਦਾ ਹੈ।
ਘੜੀ ਮੁੜੀ ਕੋਈ ਸਿੜ੍ਹੀ-ਸਿਆਪਾ,
ਵਿੱਢ ਬਹਿੰਦਾ ਹੈ।

ਪਤਾ ਨਹੀਂ ਕਿਸਦਾ ਪਰਛਾਵਾਂ,
ਸੋਚ ਉਹਦੀ ਤੇ ਆ ਚੜ੍ਹਿਆ ਹੈ।
ਗ਼ੈਰਾਂ ਦੀ ਮਹਿਫ਼ਲ ਵਿਚ ਜਾਣੋਂ,
ਝਕਦਾ ਨਹੀਂ ਹੈ।

ਸੱਚ ਵਰਗੇ ਨੰਗੇਜ਼ ਦਾ ਹੈ ਪ੍ਰਦਰਸ਼ਨ ਕਰਦਾ।
ਭੀੜਾਂ ਦੇ ਵਿਚ,
ਗਿੱਠ ਗਿੱਠ ਲੰਮੇ ਨਾਅਰੇ ਲਾਉਂਦਾ।
ਸਾਹੋ ਸਾਹੀ,
ਵਾਂਗ ਕਿਸੇ ਹਲਕਾਏ ਕੁੱਤੇ ਹਫ਼ਿਆ ਰਹਿੰਦਾ।

ਰੋਜ਼ ਦਿਹਾੜੀ ਮੇਰੇ ਕੰਨ ਵਿਚ,
ਬਾਤ ਨਵੀਂ ਕੋਈ ਪਾ ਦੇਂਦਾ ਹੈ।
ਕਿਉਂ ਮਾਂ ਦੇ ਹੀ ਲਾਡ-ਲਡਿੱਕੇ,
ਆਪਣੀ ਮਾਂ ਦਾ ਸੂਹਾ ਸਾਲੂ,
ਆਪਣੇ ਹੱਥੀ ਪਾੜ ਰਹੇ ਨੇ।
ਕੈਂਹ ਦੀ ਥਾਲੀ ਜੇਡੇ ਚੰਦ 'ਤੇ,
ਕਿੱਦਾਂ ਜਾ ਕੇ ਚੋਰ ਉਚੱਕੇ,
ਆਪਣੀ ਪੈੜ ਛਪਾ ਆਉਂਦੇ ਨੇ।

ਜਦੋਂ ਕਿਤਾਬਾਂ ਦੇ ਵਿਚ ਕਿਧਰੇ,
ਆਪਣੇ ਨੇਤਾ ਦੀ ਇਕ ਰਚਨਾ,

“ਅੰਤਿਮ ਇੱਛਾ' ਨੂੰ ਪੜ੍ਹਦਾ ਹੈ।
ਬਿਨਾਂ ਝਿਜਕ ਤੋਂ ਵਾਂਗ ਜੁਆਕਾਂ,
ਏਦਾਂ ਹੀ ਕੁਝ ਬਕਦਾ ਰਹਿੰਦੈ।

ਇਕ ਸੀ ਸਾਡੇ ਦੇਸ਼ ਦਾ ਰਾਜਾ।
ਭੋਲਾ ਭਾਲਾ ਬੀਬਾ ਰਾਣਾ।
ਰੁੜ ਪੁੜ੍ਹ ਜਾਣਾ ਬੜਾ ਸਿਆਣਾ।
ਮਰਨੋਂ ਪਹਿਲਾਂ 'ਅੰਤਿਮ ਇੱਛਾ',
ਵਰਗਾ ਹੀ ਕੁਝ,
ਏਦਾਂ ਲਿਖ ਕੇ ਰੱਖ ਗਿਆ ਸੀ।
ਮੇਰੇ ਮਰਨੋਂ ਬਾਅਦ ਪਿਆਰੇ,
ਮੇਰੀ ਰਾਖ਼ ਜਹਾਜ਼ੀ ਲੱਦ ਕੇ,
ਲੋਕਾਂ ਦਿਆਂ ਸਿਰਾਂ ਵਿਚ ਪਾਉਣਾ।
ਮੇਰਾ ਤੇ ਲੋਕਾਂ ਦਾ ਰਿਸ਼ਤਾ ਬਹੁ ਗੂੜ੍ਹਾ ਹੈ।
ਮੈਂ ਲੋਕਾਂ ਦੇ ਬਾਝੋਂ ਇਕ ਪਲ ਰਹਿ ਨਹੀਂ ਸਕਣਾ।

ਪਤਾ ਨਹੀਂ ਕਿਉਂ ? ਹਰ ਵੇਲੇ ਵੀ,
ਪੋਲ ਉਘਾੜਨ ਦੇ ਵੱਲ,
ਚੰਦਰਾ ਰੁੱਝਿਆ ਰਹਿੰਦੈ।
ਨਵੀਆਂ ਨਵੀਆਂ ਬਣਤ-ਬਣਾਉਤਾਂ ਘੜਦਾ ਰਹਿੰਦੈ।
ਪਰ ਮੈਂ ਕਹਿਨਾਂ- ਗੱਲ ਤਾਂ ਸਾਰੀ ਹੀ ਮਨ ਦੀ ਹੈ।
ਮਨ ਤੋਂ ਬਾਅਦ ਹੀ ਜਨ ਦੀ ਕੋਈ ਗੱਲ ਸੁੱਝਦੀ ਹੈ।
ਪੇਟ ਨਾ ਰੋਟੀ,
ਹਰ ਗੱਲ ਖੋਟੀ,
ਹੀ ਲੱਗਦੀ ਹੈ।

ਮਨ ਚੰਦਰੇ ਨੂੰ ਕਿਹੜਾ ਆਖੇ,
ਤੇਰੇ ਪਿੱਛੇ ਤੁਰ ਕੇ ਮੈਂ ਭੁੱਖਾ ਨਹੀਂ ਮਰਨਾ।
ਤੇਰੇ ਪਿੱਛੇ ਲੱਗ ਕੇ ਮੈਂ ਭੜੂਆ ਨਹੀਂ ਬਣਨਾ।

ਮੇਰਾ ਤਾਂ ਸੰਗਰਾਮਾਂ ਵਿਚ ਵਿਸ਼ਵਾਸ ਨਹੀਂ ਹੈ।
ਮੈਂ ਕਿਉਂ ਐਵੇਂ ਜਜ਼ਬਾਤੀ ਹੋ,

ਤੁਰਦੇ ਟੁੱਕਰ ਨੂੰ ਲੱਤਾਂ ਮਾਰਾਂ।
ਤੇਰੇ ਵਰਗਾ ਤਾਂ ਓਦੋਂ ਪਹਿਚਾਣ ਨਹੀਂ ਕੱਢਦਾ,
ਜਦੋਂ ਜੇਬ ਵਿਚ,
ਖ਼ਾਲੀ ਹੱਥ ਬਿਨ ਕੁਝ ਨਹੀਂ ਹੁੰਦਾ।

ਹੁਣ ਤਾਂ ਆਪਣਾ ਕੰਮ ਵਧੀਆ ਹੈ,
ਹਰੀ ਕ੍ਰਾਂਤੀ ਤੇ ਕੋਈ ਕਵਿਤਾ ਲਿਖ ਛੱਡਦਾ ਹਾਂ।
ਦੁੱਧ ਦੀਆਂ ਨਦੀਆਂ ਦੇ ਕਿੱਸੇ,
ਬੜੀ ਐਸ਼ ਹੈ।

ਉੱਚੇ ਮਹਿਲ-ਮੁਨਾਰੀਂ ਵੱਸਦੀ,
ਰਾਣੀ ਬਾਬਤ ਉਹ ਕਹਿੰਦਾ ਹੈ।
ਮੈਂ ਨਹੀਂ ਉਸ ਚੰਦਰੀ ਦੀ ਪਰਜਾ,
ਜਿਸਨੂੰ ਮੇਰਾ ਫ਼ਿਕਰ ਨਹੀਂ ਹੈ।
ਜਿਸ ਮਹਿਫ਼ਲ ਵਿਚ ਉਹ ਰਹਿੰਦੀ ਹੈ,
ਉਸ ਵਿਚ ਮੇਰਾ ਜ਼ਿਕਰ ਨਹੀਂ ਹੈ।

ਪਰ ਮਨ ਨੂੰ ਕਿਹੜਾ ਸਮਝਾਵੇ;
ਤੂੰ ਤਾਂ ਬੱਸ ਰੋਂਦੇ ਹੀ ਰਹਿਣੈ।
ਤੇਰੇ ਲਈ ਹੁਣ ਵੈਦ-ਮਾਂਦਰੀ ਕਿੱਥੋਂ ਆਵੇ,
ਜਿਹੜਾ ਤੇਰੇ ਰੋਣੇ ਕੀਲੇ,
ਜਿਹੜਾ ਤੇਰੇ ਕੋੜ੍ਹ ਮਿਟਾਵੇ।
ਪਰ ਚੰਦਰਾ ਮਨ ਸੁਣਦਾ ਨਹੀਂ ਹੈ,
ਬਹੁਤ ਨਿਚੱਲਾ ਜ਼ਿਦ ਕਰਦਾ ਹੈ।
ਘੜੀ ਮੁੜੀ ਕੋਈ ਸਿੜ੍ਹੀ ਸਿਆਪਾ,
ਵਿੱਢ ਬਹਿੰਦਾ ਹੈ।
●

❑

## ਤੇਈ ਮਾਰਚ

(ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਨਾਂ)

ਕੇਹੀ ਉਹ ਸੋਗੀ ਸ਼ਾਮ ਸੀ।
ਜਦ ਤੁਰ ਲਾਹੌਰੋਂ ਜੇਲ੍ਹ 'ਚੋਂ,
ਅੱਗ ਵਾਂਗ ਮੱਚਦੀ ਲਾਟ ਜਹੀ,
ਸਤਿਲੁਜ 'ਚ ਆ ਕੇ ਬੁੱਝ ਗਈ।

ਸੋਗੀ ਨਾ ਕਹਿਣ ਫੱਬਦਾ,
ਕੇਹੀ ਉਹ ਸੂਹੀ ਸ਼ਾਮ ਸੀ।
ਜਦ ਦੂਰ ਦਿਸਹੱਦੇ ਤੋਂ ਲਾਲੀ ਪੱਸਰੀ।
ਬੁੰਬਲ ਇਹ ਸਾਵੇ ਕਾਨਿਆਂ ਦੇ,
ਲਾਲ ਸੂਹੇ ਕਰ ਗਈ।
ਤੇ,
ਉਸ ਲਾਟ ਦੇ ਪਿੱਛੇ,
ਅਨੇਕਾਂ ਲੋਕ ਸੀ।
ਜੋ ਕੂਕਦੇ ਸੀ ਬਾਰ ਬਾਰ,
ਬੁੰਬਲ ਇਹ ਸਾਵੇ ਕਾਨਿਆਂ ਦੇ,
ਚੁੱਪ ਨਹੀਂ ਰਹਿਣੇ।

ਇਹ ਸਾਵੇ ਕਾਨਿਆਂ 'ਚੋਂ ਅੱਗ ਮੱਚੇਗੀ।
ਤੇ ਸਾਵੇ ਕਾਨਿਆਂ ਦੀ ਅੱਗ,
ਬਦਲੇਗੀ ਨੁਹਾਰ ਕੌਮਾਂ ਦੀ।
ਤੇ ਸੋਗੀ ਸ਼ਾਮ ਦੇ ਫਿਰ ਅਰਥ,
ਮੁੱਢੋਂ ਬਦਲ ਜਾਵਣਗੇ।

●

## ਬਨਾਮ ਸਭਿਅਤਾ

ਉਂਝ ਗੱਲ ਕਿੰਨੀ ਕੁ ਪੁਰਾਣੀ ਹੋ ਸਕਦੀ ਏ ਭਲਾ।
ਉਦੋਂ ਤਾਂ ਅਜੇ ਸੜਕਾਂ ਤੇ ਰਿੜ੍ਹਦੇ ਸਾਂ,
ਤੁਰਨ ਦੀ ਹੋਸ਼ ਕਿਸ ਨੂੰ ਸੀ।
ਨਾ ਚੌਂਕ 'ਚ ਖਲੋਤਾ ਸੀ,
ਕੋਈ ਬਾ-ਵਰਦੀ ਸਿਪਾਹੀ।
ਨਾ ਇਸ਼ਾਰਿਆਂ ਤੇ ਨਚਾਉਂਦਾ ਕੋਈ ਹਾਕਮ।
ਕੀਹ ਕਪਟ ਸੀ ਤੇ ਕੀਹ ਨਿਰਛਲਤਾ,
ਕਿਸਨੂੰ ਪਰਖ਼ ਸੀ ਗੱਲ ਦੀ।

ਜਦ ਰਿੜ੍ਹਦੇ ਪਹੇ ਵਿਚਕਾਰ ਰਿੜ੍ਹਦੇ।
ਕਦੇ ਹਾਦਸੇ ਵਿਚ ਨਾ ਮਰਦੇ।
ਨਾ ਸਮੱਸਿਆ ਸੀ,
ਕੋਈ ਹੱਲ ਸੋਚਣ ਦੀ ਲੋੜ ਹੀ ਕੀ ਸੀ।

ਉਦੋਂ ਨਾ ਈਸਵੀ ਸੰਮਤ ਤੇ ਨਾ ਹਿਜਰੀ ਤੁਰੇ ਸਨ।
ਦਰਾਵੜ ਤੇ ਆਰੀਆ ਵੀ ਮਗਰੋਂ ਦੀ ਗੱਲ ਹੈ।

ਇਹ ਬਹੁਤ ਮਗਰੋਂ ਦੀ ਗੱਲ ਹੈ,
ਕਿ ਸੜਕਾਂ ਭੀੜ ਵਿਚ ਡੁੱਬੀਆਂ,
ਤੇ ਉਮਰਾਂ ਸੜਕ ਤੇ ਦੁਰਘਟਨਾ 'ਚ ਮਰੀਆਂ।

ਦਿਨੇ ਵੀ ਰਾਤ ਵੀ,
ਬੱਸ ਸਹਿਮ।
ਬਾ-ਵਰਦੀ ਸਿਪਾਹੀ ਦੇ ਇਸ਼ਾਰੇ ਤੇ ਨੱਚਦਾ ਹਾਂ ਮੈਂ,
ਇਹ ਸਭ ਮਗਰੋਂ ਦੀ ਗੱਲ ਹੈ।

●

❑

## ਲਾਰਿਆਂ ਦੀ ਘੁੱਗੀ

ਉਹ ਖ਼ੁਦ ਵੀ ਮੰਨਦਾ ਹੈ,
ਖ਼ੂਹ 'ਚ ਵੱਸਦਾ ਮਿੱਤਰਾਂ ਦੀ,
ਆਪਣੀ ਸੰਗਤ ਹੈ ਯਾਰ।
ਨਾ ਡੱਡੂਆਂ ਨੂੰ ਭੇਤ ਤੇ ਨਾ ਪਾਣੀਆਂ ਨੂੰ ਸਾਰ।
ਕਿ ਟਿੰਡਾਂ ਪ੍ਰਸ਼ਨ ਚਿੰਨ੍ਹ ਹੀ ਹੁੰਦੀਆਂ ਨੇ।

ਟਿਕਟਿਕੀ ਆਵਾਜ਼ ਦੀ ਬੁੱਢੀ ਰਵਾਇਤ,
ਕੀ ਜਾਣੇ ਖ਼ਾਮੋਸ਼ੀ ਕੀ ਅਰਥ ਦੇਂਦੀ।
ਧੁੱਪ ਚੜ੍ਹਨ ਤੋਂ ਸੂਰਜ ਅਸਤਣ ਤੀਕ,
'ਨਿਤ-ਨੇਮ' ਵਰਗੀ ਮਿੱਠੀ ਹਕੀਕਤ।

ਅਮਨ ਦੀ ਘੁੱਗੀ ਕਰੂਪੀ,
ਲਾਰਿਆਂ ਦੀ ਉਮਰ ਜੀਂਦੀ।
ਨਾਹਰਿਆਂ ਤੋਂ ਬਹੁਤ ਡਰਦੀ।
ਰੱਥ ਤੇ ਚੜ੍ਹਿਆ ਹੈ ਰਾਜਾ ਬੁੱਧ ਨਾਇਕ।
ਕੌਣ ਸੱਚਾ ਕੌਣ ਝੂਠਾ, ਵਕਤ ਹੀ ਦੱਸੇਗਾ ਤਾਲ।
ਖ਼ੂਹ ਦੀ ਗੁੰਮਨਾਮੀ 'ਚ ਲੱਥੇ ਸ਼ਾਂਤ ਸੂਰਤ,
ਧੁੱਪ ਦੇ ਮਹਿਕਣ ਦੀ ਆਪਣੀ ਰੁੱਤ ਹੁੰਦੀ।

ਧੁੱਪ ਜੋ ਸੂਹੀ ਸੁਨਹਿਰੀ,
ਅਰਥ ਬੁੱਚੀ।
ਧੁੱਪ ਜੋ ਨੰਗੀ ਹੀ ਘੁੰਮੇ,
ਧੁੱਪ ਦੀ ਖੱਦੀ ਤੜਾਗੀ ਖਿਸਕ ਚੁੱਕੀ।

ਹੱਥ ਵਿਚ ਸੁਪਨੇ ਬਲੌਰੀ,
ਦੇਵ-ਦੱਤ ਨੇ ਤੋੜ ਦੇਣੇ।
ਗੌਤਮਾ! ਪਹਿਲਾਂ ਸੁਣੀ ਤੂੰ,
ਘੁੱਗੀਆਂ ਕਾਵਾਂ ਦੀ ਕਾਹਦੀ ਸਾਂਝ ਹੁੰਦੀ।
ਇੱਜ਼ਤਾਂ ਸੰਗ ਪਰਤਣਾ ਹੀ ਬਹੁਤ ਚੰਗਾ।

❑

## ਕੁਝ ਚਿਰ ਪਹਿਲਾਂ

ਬੀਤੇ ਸਾਲੀਂ,
ਜਦੋਂ ਕਦੀ ਵੀ ਮਿਲਦੇ ਰਹੇ ਆਂ।
ਅਸਲ ਨਕਲ ਦੀ ਗੱਲ ਚਲਦੀ ਸੀ,
ਦੋਵੇਂ ਹੀ ਸ਼ੱਕਾਂ ਵਿਚ ਫਾਥੇ,
ਮਿਲਣ ਤੀਕ ਸੀਮਤ ਸਾਂ ਰਹਿੰਦੇ।
ਬਹਿਸ ਮੁਬਾਹਸਾ ਜਦ ਚੱਲਦਾ ਸੀ,
'ਤਪਦਾ ਮੌਸਮ ਠਰ ਜਾਵੇਗਾ ?
ਲੱਗੀ ਰਾਹ ਵਿਚ ਟੁੱਟ ਜਾਵੇਗੀ ?
ਕਦੇ ਨਾ ਮੰਨਦੇ।
ਸਮਾਂ ਗਰਾਰੀ ਫਿਰ ਚੁਕੀ ਹੁਣ,
ਰਾਤ ਬਚੀ ਓਨੀ ਹੀ ਬਾਕੀ।
ਸੂਰਜ ਪਾਸਾ ਪਲਟ ਲਿਆ ਹੈ।
ਚੰਦਰਮਾ ਦੀ ਲੋਅ ਹੁਣ ਸਾਨੂੰ,
ਫਿੱਕੀ ਜਹੀ ਤੇ ਬੇ-ਰਸ ਜਾਪੇ।
ਪਰ
ਓਹ ਯੁਗ ਕਿੰਨੀ ਦੂਰ ਗਿਆ ਹੈ,
ਕਿਹੜਾ ਨਾਪੇ ?
ਵਕਤ ਦਾ ਪਹੀਆ ਘੁੰਮ ਚੁੱਕਾ ਹੈ,
ਸਫ਼ਰ ਪਿਆ ਓਨਾ ਹੀ ਬਾਕੀ।
●

## ਤਪੇ ਹੋਏ ਪੱਥਰ ਤੇ ਸੀਤ ਰਾਤ

ਯੁਗ ਉਹੀ ਹੈ,
ਜਿਹਦੇ ਵਿਚ ਤੂੰ ਤੇ ਅਸੀਂ ਵਿਚਰ ਰਹੇ ਆਂ।
ਕਿਸੇ ਪੁਰਾਤਨ ਜਹੇ ਯੁਗ ਦੀ ਬਾਤ ਪਾਵਾਂ,
ਵਾਜਬ ਨਹੀਂ ਹੈ।
ਅਸੀਂ ਵੀ ਤੇਰੇ ਵਾਲੇ ਰਸਤਿਉਂ ਗੁਜ਼ਰੇ ਸਾਂ,
ਨਕਸ਼ ਜੋ ਸਾਨੂੰ ਲੱਭੇ,
ਜ਼ਰੂਰੀ ਨਹੀਂ ਤੇਰੇ ਵੀ ਵਾਕਿਫ਼ ਹੋਣ।

ਤੂੰ ਸੋਚਦਾ ਹੋਣੈਂ,
ਸੜਕ ਵਿਚ ਗੱਡਿਆ ਮਜ਼ਬੂਰ ਪੱਥਰ,
ਸੁੰਨ ਹੋ ਜਾਂਦਾ ਹੋਵੇਗਾ ਰਾਤ ਨੂੰ।
ਇੰਜ ਨਹੀਂ !
ਉਹ ਤਾਂ ਸਰਦ ਰਾਤਾਂ ਨੂੰ,
ਮਰਦਾਂ ਦੀ ਪੈੜ ਵੇਖਦਾ ਹੈ।
ਤੇ ਰਾਤ ਦੀ ਮਹਾਂ ਸੁੰਨਤਾਈ 'ਚ ਬੈਠਾ ਜਾਣਦਾ ਹੈ।
ਕੌਣ ਜਗਦਾ,
ਕੌਣ ਤਪਦਾ ਕੌਣ ਹੈ ਠਰਦਾ।

ਤੂੰ ਜੋ ਦਰਿਆ ਤੋਂ ਅਤ੍ਰਿਪਤ ਹੀ,
ਘਰ ਨੂੰ ਪਰਤ ਆਇਆ,
ਤੂੰ ਕਿੰਜ ਦੱਸ ਸਕਨੈਂ,
ਫੁੱਟਪਾਥਾਂ ਤੇ ਰੋੜ ਕਿਉਂ ਨਹੀਂ ਚੁਭਦੇ।
ਹਾਂ! ਗਦੇਲਿਆਂ 'ਚੋਂ ਵੜੇਵੇਂ ਭਾਲ ਸਕਨੈਂ।

ਮੈਂ ਬੁਰਾ ਹਾਂ ਜਾਂ ਚੰਗਾ,
ਜੋ ਕੁਝ ਵੀ ਹਾਂ,
ਤੇਰੇ ਸਾਹਮਣੇ ਹਾਂ।
ਜੰਗਲ ਦਾ ਰਾਜਾ ਸ਼ੇਰ ਹੋਵੇ,
ਜਾਂ ਰੰਗਿਆ ਗਿੱਦੜ ਕੀ ਫ਼ਰਕ ਪੈਂਦਾ।

ਕੰਦਰਾਂ 'ਚ ਲੁਕਿਆ ਮਾਣਸ,
ਦੱਸਣੋ ਸੰਕੋਚ ਕਰਦਾ ਹੈ।
ਮੈਂ ਖ਼ੁਦ ਵੀ ਜਾਣਦਾ ਹਾਂ,
ਤੈਨੂੰ ਵੀ ਭੁੱਲ ਹੈ ਕਾਹਦੀ।
ਮੇਰੀ ਅਣਸ ਆਪ ਜਨਮਣ ਤੋਂ ਪਹਿਲਾਂ,
ਆਪਣੇ ਹਾਣ ਦੀ ਸਲੀਬ ਆਪ ਘੜਦੀ ਹੈ।

ਜੇ ਤੈਨੂੰ ਸੱਚ ਨਹੀਂ ਲੱਗਦਾ,
ਤਾਂ ਕਿਸੇ ਵੀ ਵਕਤ ਪਰਖ਼ ਸਕਨੈਂ,
ਕੋਈ ਡਰ ਨਾ ਦੇਵੀਂ ਮੌਤ ਤੋਂ ਛੋਟਾ,
ਟਿਚਕਰ ਕਰਨਗੇ।
●

❑

## ਮਿੱਟੀ ਕੰਬਦੀ ਹੈ

ਕਿਹੋ ਜਿਹੀ ਰੁੱਤ ਆਈ ਹੈ।
ਨਾ ਮਹਿਕਾਂ ਵੰਡਦੀ ਜ਼ਿੰਦਗੀ,
ਨਾ ਮਿੱਟੀ ਮੁਸਕਰਾਈ ਹੈ।

ਜੋ ਲੋਕੀਂ ਘੁੰਮਦੇ ਨੇ ਰਾਤ ਦਿਨ,
ਮਨਹੂਸ ਖ਼ਬਰਾਂ ਵਾਂਗ,
ਸਰੇ-ਬਾਜ਼ਾਰ ਉਹ ਮੱਥਿਆਂ 'ਚ ਵੱਜਦੇ ਨੇ।
ਮੈਂ ਉਹ ਵੀ ਲੋਕ ਤੱਕੇ ਨੇ,
ਜੋ ਗੇਂਦਾਂ ਵਾਂਗ ਬੁੜਕਣ ਤੀਕ ਜਾਂਦੇ ਨੇ।
ਜਦੋਂ ਉਹ ਭਰ ਜਸ਼ਨ ਵਿਚ ਲੜ ਮਰਨ ਦੀ,
ਸਹੁੰ ਚੁਕਾਉਂਦੇ ਨੇ।
ਤਾਂ ਮੈਂ ਗੁਸਤਾਖ਼ ਜਹੇ ਲਹਿਜ਼ੇ 'ਚ ਕਹਿੰਦਾ ਹਾਂ।
ਤੇਰੇ ਕਿੰਨੇ ਨੇ ਪੁੱਤਰ ? ਦੱਸ ਤਾਂ ਭਲਿਆ !
ਕਿੰਨੇ ਸਰਹੱਦ ਤੇ ਲੜਦੇ ਨੇ ਕਿੰਨੇ ਰੋਜ਼ ਮਰਦੇ ਨੇ।
ਤੇ ਮੇਰੀ ਏਸ ਗੁਸਤਾਖ਼ੀ ਤੇ ਉਹ,
ਰੱਜ ਰੱਜ ਕੇ ਖਿਝਦਾ ਹੈ।
ਇਹ ਸੱਚ ਤਾਂ ਬਹੁਤ ਖਰ੍ਹਵਾ ਹੈ,
ਇਹ ਸੱਚ ਤਾਂ ਬਹੁਤ ਕੌੜਾ ਹੈ।

ਜਿਵੇਂ ਮੈਂ ਬਹੁਤ ਪਹਿਲਾਂ ਆਖਿਆ ਸੀ,
ਕਿ ਹੱਦਾਂ ਤੇ ਖਲੋਤੀ ਹੈ ਲੜਾਈ।
ਜਿੰਨ੍ਹਾਂ ਦੇ ਪੁੱਤ ਨਹੀਂ ਪਰਤੇ,
ਜਿੰਨ੍ਹਾਂ ਦੇ ਕੰਤ ਨਹੀਂ ਆਏ।
ਉਹ ਕਿੱਦਾਂ ਸੌਣਗੇ ਯਾਰੋ,
ਜਿੰਨ੍ਹਾਂ ਦੇ ਵੀਰ ਨਹੀਂ ਆਏ।
ਜਿੰਨ੍ਹਾਂ ਦੇ ਬਾਪ ਨਹੀਂ ਬਹੁੜੇ,
ਉਹ ਕਿੱਦਾਂ ਜੀਣਗੇ ਯਾਰੋ।

ਤੇ ਇਕ ਆਹ ਮਾਂ,
ਕਿ ਜਿਸਦਾ ਪੁੱਤ ਸਰਹੱਦਾਂ ਤੇ ਦੁਸ਼ਮਣ ਮਾਰਦਾ ਸੀ।
ਹੁਣੇ ਹੀ ਖ਼ਬਰ ਆਈ ਹੈ,
ਕਿ ਇਸ ਮਾਤਾ ਦਾ ਪੁੱਤ ਵੀ,
ਸਰਹੱਦਾਂ ਤੇ ਰਾਖ਼ ਹੈ ਬਣਿਆ।
ਉਦੋਂ ਤੋਂ ਮਮਤਾ ਵੀ ਮਿੱਟੀ ਜਿਹੀ ਹੋ ਗਈ ਹੈ।
ਉਸੇ ਪਲ ਤੋਂ ਜਿਮੀਂ ਕੰਬਣ ਦੀ,
ਇਕ ਲਹਿਰ ਆਉਂਦੀ ਹੈ।

ਤੇ ਉਹ ਮਾਂ ਚੀਕ ਕਹਿੰਦੀ ਹੈ,
ਕਿ ਅੱਜ ਜੋ ਜੰਗ ਦਾ ਐਲਾਨ ਕਰਦਾ ਹੈ,
ਉਹਦਾ ਪੁੱਤਰ ਨਹੀਂ ਮਰਿਆ।
ਉਹਦੇ ਪੈਰੀਂ ਕਦੇ ਸੁਪਨੇ 'ਚ ਵੀ,
ਕੰਡਾ ਨਹੀਂ ਪੁੜਿਆ।
ਤੇ ਮਿੱਟੀ ਕੰਬਦੀ ਹੋਈ ਆਖਦੀ ਹੈ,
ਮੇਰਾ ਹੁਣ ਗਰਭ ਸੱਖਣਾ ਹੋ ਗਿਆ ਹੈ।
ਪਤਾ ਨਹੀਂ ਕਿਉਂ ?
ਬੇਸ਼ਰਮੀ ਤੇ ਬਜ਼ਿਦ ਹਾਕਮ ਖਲੋਤਾ ਹੈ।
ਜੋ ਮੇਰੇ ਬਾਲ ਨੇਜ਼ੇ ਟੰਗਦਾ ਹੈ,
ਜੋ ਮੇਰੀ ਹੋਂਦ ਦਾ ਕਤਲਾਮ ਕਰਨ ਤੇ,
ਹੀ ਤੁਲਿਆ ਹੈ।
●

❑

## ਬਾਤ ਮੁੱਕੀ ਤਾਂ ਨਹੀਂ

ਬਾਤ ਮੁੱਕੀ ਤਾਂ ਨਹੀਂ ਹਾਲੇ।
ਪਲ ਕੁ ਪਿਛੋਂ ਸੁਣਦਾ ਹਾਂ ਮਾਂ ਦੇ ਮੂੰਹੋਂ।
ਅਜੇ ਤਾਂ ਨਾਇਕ ਨੇ ਚੜ੍ਹਨਾ ਹੈ,
ਸਲੀਬ ਦੇ ਉਤਲੇ ਸਿਰੇ।

ਭਾਵੁਕ ਜਿਹਾ ਹੋ ਕੇ ਮੈਂ ਪੁੱਛਦਾ ਹਾਂ।
ਕਿੰਨੀ ਕੁ ਲੰਮੇਰੀ ਬਾਤ ਹੈ ਮਾਂ।
ਪੁੱਤ! ਮੇਰੇ ਤੋਂ ਤੇਰੇ ਤੀਕ ਦਾ ਹਰ ਵਰਕਾ,
ਜੋ ਇਤਿਹਾਸ ਬਣਦਾ ਹੈ,
ਸਭ ਇੰਜ ਹੀ ਲਟਕਿਆ ਸੀ ਕਦੇ।
ਬਾਤ ਵਿਚ ਚਰਚਾ ਹੈ ਜਿਸ ਨਾਇਕ ਦਾ,
ਉਹ ਪ੍ਰਸ਼ਨ ਚਿੰਨ੍ਹ ਦੀ ਸ਼ਕਲ ਵਿਚ,
ਵਿਚਰਦਾ ਹੈ ਕਹਾਣੀ ਵਿਚਕਾਰ।
ਕਟਹਿਰੇ ਵਿਚ ਉਹ ਜਦ ਵੀ ਆਇਆ ਹੈ,
ਮੌਤ ਦਾ ਪੈਗਾਮ ਸੁਣਕੇ,
ਮੁਸਕਰਾਇਆ ਹੈ।
ਬਲਦੀ ਅਗਨੀ ਤੇ ਤਿੜਕਿਆ ਹੈ,
ਚੀਣਾ ਚੀਣਾ ਹੋ ਕੇ ਵਿਛਿਆ ਹੈ।
ਖੁਭਿਆ ਹੈ ਧਰਤ ਵਿਚ,
ਉੱਗਿਆ ਹੈ ਫ਼ਲਿਆ ਹੈ।

ਨਿੱਤ ਵਾਂਗ ਅਖ਼ਬਾਰ ਦੀ ਸੁਰਖੀ ਬਣਦਾ ਹੈ।
ਤੇ ਰੋਜ਼ ਵਾਂਗ ਧਰਤੀ ਤੇ ਆਉਂਦਾ ਹੈ,
ਪ੍ਰਚਲਤ ਗੀਤਾਂ ਠਕੋਰਦਾ ਕੁਝ ਭੰਨਦਾ ਕੁਝ ਤੋੜਦਾ,
ਬੱਸ ਨਿੱਤ-ਨੇਮ ਜਿਹਾ ਬਣ ਆਉਂਦਾ ਹੈ।
ਬੱਸ ਆਮ ਵਾਂਗ ਹੀ ਉਹ ਆਦਿ ਪੁਰਖ਼ ਸੀ।
ਤੇ ਹੁਣ ਵੀ ਉਵੇਂ ਹੀ, ਐਟਮੀ ਯੁਗ ਦਾ ਨਾਇਕ ਹੈ।
●

❑

## ਸਰਵਣ ਪੁੱਤਰ

ਚਲੋ ਸਰਵਣ ਪੁੱਤਰ ਈ ਸਹੀ,
ਬਣ ਜਾਂਦੇ ਹਾਂ।
ਪਰ ਦਸ਼ਰਥ ਨੂੰ ਕਹੋ,
ਘੱਟੋ ਘੱਟ ਮੇਰਾ ਸ਼ਿਕਾਰ ਤਾਂ ਨਾ ਖੇਡੇ।
ਮੈਂ ਜੋ ਰਿਸ਼ਤੇ ਵਿਚ ਉਹਦਾ ਕੁਝ ਲੱਗਦਾ ਹਾਂ।
ਭਲਾ ਜੇ ਨਾ ਵੀ ਲੱਗਦਾ ਹੋਵਾਂ,
ਤਦ ਵੀ ਉਹ ਬੰਦਾ ਬਣੇ।

ਮੇਰੇ ਜ਼ਖ਼ਮਾਂ ਦੀ ਪੀੜ,
ਜਿਸ ਮੇਰੀ ਮੌਤ ਤਕ ਦਾ ਸਫ਼ਰ ਕੀਤਾ ਹੈ।
ਤੇ ਪਿੱਛੇ ਬਾਪ ਅੰਨ੍ਹਾ,
ਮਾਂ ਵਿਚਾਰੀ ਰਹਿ ਗਈ ਹੈ।
ਉਨ੍ਹਾਂ ਨੂੰ ਰਿਸ਼ਤਿਆਂ ਦਾ ਨਿੱਘ ਕੀਹ ਦੇਵੇਗਾ ਕੋਈ।

ਦਸ਼ਰਥ ਮੇਰੇ ਪਰਤ ਆਉਣ ਬਾਰੇ,
ਲੱਖ ਦੁਆਵਾਂ ਮੰਗੇ ਪਿਆ।
ਮੈਂ ਤਾਂ ਨਹੀਂ ਪਰਤਾਂਗਾ,
ਤੇ ਜੇ ਪਰਤਿਆ ਤਾਂ ਸੋਚੋ ਭਲਾ,
ਮੈਂ ਖ਼ਾਲੀ ਹੱਥ ਹੋਵਾਂਗਾ।
ਉਸ ਨੂੰ ਕਹੋ!
ਮੇਰੇ ਆਉਣ ਤੋਂ ਪਹਿਲਾਂ ਚਲਾ ਜਾਵੇ।
ਮੇਰੇ ਮਸਤਕ ਦੀ ਅਗਨੀ ਨੇ,
ਚਿਰਾਂ ਦੇ ਜ਼ਬਤ ਤੇ ਪਿੱਛੋਂ,
ਵੀਣੀ 'ਚ ਹੁਣ ਪ੍ਰਵੇਸ਼ ਕੀਤਾ ਹੈ।
●

❑

## ਇਸ ਰੁੱਖ ਥੱਲੇ ਜੀਅ ਨਹੀਂ ਲੱਗਦਾ

(ਗੌਰਮਿੰਟ ਕਾਲਜ ਲੁਧਿਆਣਾ ਦੇ ਨਾਂ)

ਇਸ ਰੁੱਖ ਦੀ ਹੁਣ ਛਾਵੇਂ ਬਹਿ ਕੇ,
ਕੀ ਕਰਨਾ ਹੈ,
ਦੂਰ ਪਰ੍ਹੇ ਹੁਣ ਧੁੱਪ ਥੱਲੇ ਈ ਸਾਰ ਲਵਾਂਗੇ।
ਚੁਭਦੀਆਂ ਧੁੱਪਾਂ ਤੋਂ ਕੀ ਡਰਨਾ।
ਇਕ ਦਿਨ ਪੈਣੈਂ ਇਹ ਕੁਝ ਕਰਨਾ।
ਉਂਝ ਆਪਾਂ ਤਾਂ ਛਾਵੇਂ ਬਹਿ ਬਹਿ,
ਆਪਣੀ ਕੰਡ ਨੂੰ ਮਾਰ ਬਹਾਂਗੇ।
ਆ ਚੱਲੀਏ ਹੁਣ ਰੁੱਖ ਦੇ ਹੇਠੋਂ,
ਦੂਰ ਪਰ੍ਹੇ ਹੁਣ ਧੁੱਪ ਥੱਲੇ ਈ ਸਾਰ ਲਵਾਂਗੇ।

ਇਸ ਰੁੱਖ ਹੇਠਾਂ ਉੱਲੂਆਂ ਦੀ ਪੰਚਾਇਤ ਜੁੜੀ ਹੈ।
ਉਦਘਾਟਨ ਲਈ ਦੇਸ਼ ਦਸੌਰੋਂ ਮਹਾਂ-ਉਲੂ ਜੀ ਖ਼ੁਦ ਆਏ ਨੇ।
ਇਹ ਜੋ ਆਪਣੇ ਸਿਰ 'ਤੇ,
ਆਲ-ਦੁਆਲੇ ਤੁਰਦੀ ਫਿਰਦੀ ਛਾਂ ਹੈ,
ਇਹ ਸਭ ਉਨ੍ਹਾਂ ਦੇ ਸਾਏ ਨੇ।

ਤੂੰ ਸੋਚੇਂਗਾ,
ਤੇਰੇ ਆਪਣੇ ਬੁੱਤ ਦੀ ਛਾਂ ਵੀ ਧੁੱਪ ਵਰਗੀ ਹੈ,
ਸੇਕਣ ਆਉਂਦੇ ਇਹਨੂੰ ਲੋਕੀਂ ਟਾਵੇਂ ਟਾਵੇਂ।
ਮੈਂ ਮੰਨਦਾ ਹਾਂ।
ਤੇਰੇ ਬੁੱਤ ਦੀ ਛਾਂ ਵੀ ਬੇਸ਼ੱਕ ਧੁੱਪ ਵਰਗੀ ਹੈ,
ਠਰਦੇ ਲੋਕੀਂ ਇਹਨੂੰ ਆ ਕੇ ਸੇਕਣ ਭਾਵੇਂ।
ਪਰ ਇਸ ਉੱਘੜ ਦੁੱਗੜੀ ਰੁੱਤੇ,
ਕਿਸੇ ਵੀ ਤੈਨੂੰ,
ਇਕ ਪਲ ਵੀ ਹੁਣ ਬਹਿਣ ਨਹੀਂ ਦੇਣਾ ਆਪਣੀ ਛਾਵੇਂ।

ਆਪਣੀ ਧੁੱਪ ਦਾ ਭਰਮ ਸਾਂਭ ਕੇ,
ਡੌਰ-ਭੌਰਿਆਂ ਹੋ ਕੇ ਤੂੰ ਤਾਂ,
ਲੱਭਦਾ ਫਿਰਨੈਂ ਆਪਣੀ ਕਾਇਆ।
ਸੱਚ ਮੰਨੀ! ਮੈਂ ਏਦੂੰ ਅੱਗੇ,
ਕਈ ਵਰ੍ਹਿਆਂ ਦਾ ਟੋਂਹਦਾ ਫਿਰਨਾਂ,
ਕਿਸ ਰੁੱਖ ਦੀ ਛਾਂ ਫੜ ਕੇ ਆਖਾਂ,
ਇਹ ਰੁੱਖ ਮੇਰੇ ਬਾਪੂ ਲਾਇਆ।

ਨਾ ਏਥੇ ਮਾਂ, ਨਾ ਹੀ ਬਾਪੂ ਵਰਗੀ ਛਾਂ ਹੈ।
ਕੋਇਲਾਂ ਦੇ ਘਰ ਮਾਤਮ ਵਿਛਿਆ ਚਾਰੇ ਬੰਨੇ,
ਅੱਜ ਦੀ ਏਸ ਸੰਗੀਤ ਸਭਾ ਦਾ, ਮੁਖੀਆ ਕਾਂ ਹੈ।
ਇਸ ਰੁੱਖ ਦੀ ਛਾਂ ਹੇਠਾਂ ਬਹਿ ਕੇ,
ਮੈਂ ਕਈ ਸਾਲ ਗੁਆ ਚੁੱਕਾ ਹਾਂ।
ਜੱਗੇ ਜੱਟ ਜਹੀ ਜਾਨ-ਤੀਰ ਸੀ ਮਿਰਜ਼ੇ ਵਰਗੇ,
ਖਿੜੇ ਹੋਏ ਅਨਾਰ ਦੇ ਫੁੱਲ ਜਾਂ ਸੂਹੇ ਸੁਪਨੇ।
ਕੀ ਕੀ ਦੱਸਾਂ, ਹੁਣ ਤਾਂ ਇਨ੍ਹਾਂ ਵਿਚੋਂ ਕਈ ਕੁਝ,
ਮੈਂ ਖ਼ੁਦ ਆਪ ਭੁਲਾ ਚੁੱਕਾ ਹਾਂ।

ਸੱਚ ਯਾਰਾ!
ਹੁਣ ਇਸ ਰੁੱਖ ਥੱਲੇ ਜੀਅ ਨਹੀਂ ਲੱਗਦਾ।
ਵਾਂਗ ਕਿਸੇ ਅਣਚਾਹੀ ਬੂਟੀ, ਬਾਬੂ ਵਾਂਗੂ ਉੱਗੇ ਰਹਿਣਾ,
ਜਾਂ ਫ਼ਿਰ ਤੋਤੇ ਟੁੱਕੀਆਂ ਗੋਲ੍ਹਾਂ,
ਖਾਣ ਨੂੰ ਉੱਕਾ ਮਨ ਨਹੀਂ ਮੰਨਦਾ।
ਜੀਅ ਕਰਦੈ ਮੈਂ ਹੁਣ ਤਾਂ ਦੌੜ ਮੈਦਾਨੀ ਜਾਵਾਂ,
ਚੁੰਗੀਆਂ ਭਰਾਂ ਮਿਰਗ ਬਣ ਜਾਵਾਂ।

ਪੇਟ ਭਰਨ ਨੂੰ ਕਈ ਕੁਝ ਖ਼ੁਦ ਨੂੰ ਚਾਰ ਲਵਾਂਗੇ।
ਆ ਚੱਲੀਏ ਹੁਣ ਰੁੱਖ ਦੇ ਹੇਠੋਂ,
ਦੂਰ ਪਰੇ ਹੁਣ ਧੁੱਪ ਥੱਲੇ ਈ ਸਾਰ ਲਵਾਂਗੇ।
ਚੁਭਦੀਆਂ ਧੁੱਪਾਂ ਤੋਂ ਕੀ ਡਰਨਾ,
ਇਕ ਦਿਨ ਪੈਣਾ ਏਦਾਂ ਕਰਨਾ।

●

❑

## ਹਵਾ ਦੀ ਦਸਤਕ

ਸਿਰਾਂ ਤੇ ਸੁਆਰ ਹੈ 'ਅੱਜ ਦਾ ਸੁਨੇਹਾ'।
ਅਰਥਾਂ ਸੰਗ ਚਿਪਕਿਆ ਹੈ,
ਲੋਕ-ਰਥ ਦਾ ਦੌੜਦਾ ਪਹੀਆ।
ਕਿੱਸੇ ਦਾ ਨਾਮਕਰਣ,
'ਦਰਦ-ਯੁੱਧ-ਤੇ ਸਫ਼ਰ' ਹੀ ਹੋ ਸਕਦਾ ਹੈ।
ਯਾਤਰਾ ਜਦ ਜ਼ਿੰਦਗੀ ਵੱਲ ਤੁਰਦੀ ਹੈ,
ਇਹੀ ਇਤਿਹਾਸ ਬਣਦਾ ਹੈ।

ਚਿਰਾਂ ਮਗਰੋਂ ਹਾਂ ਮੈਂ ਵੀ ਆਣ ਪਹੁੰਚਾ।
ਅਜਬ ਜਹੀ ਸ਼ਰਮ ਹੈ ਮੇਰੇ ਵੀ ਮੂੰਹ ਤੇ,
ਕਿ ਮੈਂ ਪਹਿਲਾਂ ਨਹੀਂ ਪਹੁੰਚਾ।

ਤੁਸੀਂ ਕੰਮ ਛੇੜਿਆ ਹੈ,
ਨਵੇਂ ਹੱਥਾਂ ਨਵੀ ਗਾਥਾ ਸਿਰਜਣੀ ਹੈ।
ਪੁਰਾਣੀ ਕੰਧ ਜੇ ਡਿੱਗੀ ਤਾਂ ਕੀਹ ਹੋਇਆ,
ਇਹ ਸੂਹੀ ਮਹਿਕ ਜੋ ਤੇਰੇ ਘਰੋਂ,
ਹੁਣ ਆਣ ਪਹੁੰਚੀ ਹੈ।
ਮੇਰੇ ਪਿੰਡੇ ਨੂੰ ਛੋਹੀ ਹੈ।
ਤੂੰ ਸੱਚ ਜਾਣੀਂ,
ਮੇਰੇ ਜਨਮਣ ਦੀ ਦੂਹਰੀ ਰੀਤ ਹੋਈ ਹੈ।

ਜੋ ਤੇਰੇ ਹੱਥ 'ਚ ਹੈ ਫੜਿਆ,
ਉਹ ਸੁਪਨਾ ਸਭ ਦੇ ਦਿਲ ਵਿਚ ਹੈ।
ਪੁਰਾਤਨ ਘਾਸੀਆਂ ਤੇ ਤੁਰਨ ਤੋਂ ਪਹਿਲਾਂ,
ਅਸਾਂ ਨੇ ਰਾਹ ਬਦਲਣਾ ਹੈ।
ਨਾ ਦੂਹਰੀ ਮੌਤ ਮਰਨਾ ਹੈ।
ਜੇ ਛਿਣ-ਭੰਗਰੀ ਜਿਹੀ ਰੌਣਕ,

ਘਰਾਂ ਵਿਚ ਆਣ ਹੀ ਪਹੁੰਚੀ,
ਤਾਂ ਕੀਹ ਹੋਇਆ ?
ਅਸਾਂ ਨੇ ਰੁੱਤ ਘੜਨੀ ਹੈ,
ਜੇ ਚਾਹੀਏ ਧੁੱਪ-ਧੁੱਪ ਮਿਲ ਜੇ।
ਜੇ ਚਾਹੀਏ ਛਾਂ ਤਾਂ ਛਾਂ ਮਿਲ ਜੇ।

ਤੇਰੇ ਹੱਥਾਂ ਦੀ ਦਸਤਕ,
ਮੇਰੇ ਬੂਹੇ ਨੇ ਜਾਣੀ ਹੈ।
ਮੈਂ ਬੂਹਾ ਖੋਲ੍ਹ ਦਿੱਤਾ ਹੈ,
ਤੇਰੀ ਛੋਹੀ ਅਧੂਰੀ ਬਾਤ ਤਾਂ,
ਨਵ-ਜਨਮ ਵਰਗੀ ਹੈ।
ਤੇ ਹੁਣ ਮੁੜ ਮੁੜ ਜਨਮਣਾ ਹੈ।
●

❑

# ਪੁਰਾਣੀ ਸਾਂਝ

ਕਈ ਸਦੀਆਂ ਪੁਰਾਣਾ ਆਜੜੀ,
ਅੱਜ ਫੇਰ ਆਇਆ ਹੈ।
ਕੋਈ ਰਿਸ਼ਤਾ ਪੁਰਾਣਾ ਆਦਿ ਤੋਂ,
ਉਸ ਫਿਰ ਜਗਾਇਆ ਹੈ।

ਦੁਆਰੇ ਤੇ ਖਲੋਤਾ ਸਭਿਅਤਾ ਨੂੰ ਵਾਜ਼ ਦੇਂਦਾ ਹੈ।
ਕਿਵੇਂ ਨਿਰਲੱਜ ਹੋਈ ਤੂੰ ਖੜ੍ਹੀ ਹੈਂ।
ਤੇਰੇ ਮੱਥੇ ਤੇ ਭੈੜੇ ਦਾਗ਼ ਕਾਹਦੇ ਨੇ।
ਤੇਰੇ ਮੂੰਹ ਤੇ ਝਰੀਟਾਂ ਇੰਝ ਕਿਉਂ ਪਈਆਂ ?
ਤੂੰ ਸੁਣ ਕੇ ਚੁੱਪ ਕਿਉਂ ਹੋਈ ?
ਬੜਾ ਕੁਝ ਹੋਰ ਮੈਂ ਕਹਿਣੈਂ।

ਉਹ ਵੇਲਾ ਯਾਦ ਕਰ ਇਕ ਵੇਰ,
ਜਦੋਂ ਮੈਂ ਮਰਦ ਸਾਂ ਨੰਗਾ।
ਜਦੋਂ ਮੈਂ ਸ਼ਾਲ-ਪੱਤਰ ਪਹਿਨਦਾ ਨਹੀਂ ਸਾਂ।
ਤੇਰੇ ਪਿੰਡੇ ਝਰੀਟਾਂ ਉਦੋਂ ਤਾਂ ਨਹੀਂ ਸਨ।
ਤੇਰੀ ਸੀ ਤੋਰ ਬਾਂਕੀ, ਸੁਪਨ ਪਰੀਆਂ ਵਾਂਗਰਾਂ ਸੁਹਣੀ।
ਇਹ ਗੱਲ ਭਾਵੇਂ ਕਈ ਸਦੀਆਂ ਪੁਰਾਣੀ ਹੈ,
ਇਹ ਫ਼ਿਰ ਵੀ ਯਾਦ ਹੈ ਮੈਨੂੰ ਤਾਂ ਹੁਣ ਵੀ ਮੂੰਹ-ਜ਼ਬਾਨੀ।

ਤੇ ਦੂਜਾ ਵਕਤ ਉਹ ਵੀ ਸੀ, ਜਦੋਂ ਮੈਂ ਸ਼ਾਲ-ਪੱਤਰ ਪਹਿਨਦਾ ਸਾਂ।
ਮੇਰੇ ਪੱਲੇ ਸੀ ਕੰਗਾਲੀ ਤੇ ਤੂੰ ਸੀ।
ਨਹੀਂ ਸੀ ਹੋਰ ਕੁਝ ਵੀ ਬਾਝ ਇਹਦੇ।
ਤੇ ਉਸ ਵੇਲੇ ਤੇਰਾ ਚਿਹਰਾ,
'ਅਨਾਰੀ ਫੁੱਲ' ਵਾਕੁਣ ਲਾਲ ਸੀ 'ਸੂਹਾ'।
ਤੇਰਾ ਹਰ ਸ਼ਬਦ ਸੁਪਨੇ ਵਾਂਗ 'ਸੁੰਦਰ' ਸੀ।

ਤੇ ਤੀਜਾ ਵਕਤ ਉਹ ਵੀ ਕਦੋਂ ਮੇਰੀ ਕੋਲੰਬਸੀ ਸੋਚ ਨੇ
ਹੈ ਘੇਰਿਆ ਮੈਨੂੰ।
ਮੇਰੇ ਲਈ ਵਗਦੀਆਂ ਪੌਣਾਂ ਨੂੰ ਮੇਰੇ ਆਪੇ ਖ਼ੁਦ ਡੱਸਿਆ।
ਤੇ ਜ਼ਹਿਰੀਲੀ ਫ਼ਿਜ਼ਾ ਵਿਚ,
ਪੌਣ ਢਿਲਕੀ ਫਿਰ ਰਹੀ ਹੈ।
ਕਈ ਰੀਝਾਂ ਦੇ ਜੰਗਲ ਸੜਕੇ ਸੁਆਹ ਹੋਏ।
ਫਨਾਹ ਹੋਏ।

ਅਸੀਂ ਦੋਵੇਂ ਹਾਂ ਨਿੱਖੜੇ ਅਸਲ ਉਸ ਵੇਲੇ
ਜਦੋਂ ਉਮਰਾਂ ਦੇ ਪੱਤਣਾਂ ਤੇ ਨੇ ਭੀੜਾਂ ਕੱਦ ਤੋਂ ਲੰਮੀਆਂ।

ਤੇ ਹੁਣ ਇਕਲਾਪੇ ਦੀ ਪੰਡ ਨੂੰ ਸਿਰ ਟਿਕਾਈ।
ਫਿਰ ਰਿਹਾਂ ਅੱਜ ਵੀ।

ਮੇਰੇ ਹੱਥ ਹੈ ਕਈ ਸਦੀਆਂ ਪੁਰਾਣੀ ਇਕ ਡੰਗੋਰੀ ਹੀ।
ਤੇ ਅੱਜ ਮੈਂ ਲੰਘ ਰਿਹਾ ਸਾਂ,
ਪਿੰਡ ਤੇਰੇ ਕੋਲ ਦੀ ਹੀ।
ਤੇ ਚਿੱਤ ਕੀਤਾ ਮੈਂ ਜਾਂਦਾ ਸਾਰ ਲੈ ਜਾਵਾਂ।
ਤੂੰ ਕੁਝ ਤਾਂ ਬੋਲ!
ਚੁੱਪ ਕਿਉਂ ਹੈਂ
ਕਈ ਸਦੀਆਂ ਪੁਰਾਣਾ ਆਜੜੀ
ਅੱਜ ਫੇਰ ਆਇਆ ਹੈ
ਕੋਈ ਰਿਸ਼ਤਾ ਪੁਰਾਣਾ ਆਦਿ ਤੋਂ
ਉਸ ਫ਼ਿਰ ਜਗਾਇਆ ਹੈ।
●

❏

## ਸਮਾਂ ਨਿਰਪੱਖ ਨਹੀਂ ਹੁੰਦਾ

ਸਮਾਂ ਨਿਰਪੱਖ ਨਹੀਂ ਹੁੰਦਾ।
ਜਾਂ ਤੇਰੇ ਪੱਖ ਦਾ ਹੁੰਦੈ,
ਜਾਂ ਸਾਡੇ ਪੱਖ ਦਾ ਹੁੰਦੈ।

ਨਿਰੀ ਨਿਰਪੱਖਤਾ ਨਾਹਰਾ ਨਿਰਾ ਹੈ,
ਕਿਉਂ ਉਲਝੇ ਮਨ ਮੇਰਾ ਮੋੜਾਂ ਤੇ ਜਾ ਜਾ ਕੇ।
ਪਵੇ ਏਨਾ ਭੁਲੇਖਾ ਕਿਉਂ,
ਇਹ ਮੈਨੂੰ ਧੂੜ ਬੱਦਲ ਦਾ।

ਸਿਰਫ਼ ਇਤਿਹਾਸ ਹੀ ਜੇ ਮੰਨਦੇ ਹੋ,
ਤਾਂ ਦੱਸੋ ਕਿਸ ਵਕਤ ਨਿਰਪੱਖਤਾ ਨੇ,
ਸਾਥ ਦਿੱਤਾ ਹੈ।

ਅਸੀਂ ਹਰ ਵਕਤ ਹੀ ਇਕ ਪੱਖ ਹੋਏ ਹਾਂ।
ਤੁਸੀਂ ਖ਼ੁਦ ਵੀ ਤਾਂ ਇਕ ਪੱਖ ਸੀ।

ਅਸਾਡਾ ਪੱਖ ਸਿੱਧਾ ਹੈ,
ਜਿਦ੍ਹੇ ਵਿਚ ਤਪਸ਼ ਹੈ,
ਜਿਦ੍ਹੇ ਵਿਚ ਠੰਢ, ਅਗਨੀ ਤੇ ਜ਼ਬਤ ਹੈ।
ਜਿਦ੍ਹੇ ਵਿਚ ਜੋਸ਼ ਵੀ ਤੇ ਹੋਸ਼ ਵੀ ਹੈ।
ਮੈਂ ਬੇਹੋਸ਼ਾ ਆਵਾਜ਼ ਕੱਸਦਾ ਨਹੀਂ,
ਮੈਂ ਹੋਸ਼ਾਂ ਦੀ ਪਹਾੜੀ ਤੋਂ ਹੀ ਉੱਚੀ ਬੋਲਦਾ ਹਾਂ।

ਤੁਸੀਂ ਜਦ ਪੱਖ-ਪਾਤਾਂ ਨੂੰ,
ਨਿਰੀ ਨਿਰਪੱਖਤਾ ਕਹਿੰਦੇ,
ਤਾਂ ਮੈਂ ਫ਼ਿਰ ਕੂਕਦਾ ਹਾਂ।

“ਨਿਰੀ ਨਿਰਪੱਖਤਾ ਨਾਹਰਾ ਨਿਰਾ ਹੀ ਹੈ”।
ਜਿਦ੍ਹੀ ਰੰਗੀਨ ਝਿਲਮਿਲ ਤੋਂ,
ਮੇਰਾ ਮਨ ਦੂਰ ਨੱਸਦਾ ਹੈ,
ਮੇਰਾ ਮਨ ਤ੍ਰਭਕ ਜਾਂਦਾ ਹੈ।

ਤੇ ਹੁਣ ਇਹ ਗੱਲ ਸਿੱਧੀ ਹੈ,
ਜਦੋਂ ਵੀ ਸੁਪਨਿਆਂ ਨੂੰ ਖੰਭ ਉੱਗੇ ਨੇ,
ਅਸਲ ਦੁਨੀਆਂ ਨੂੰ ਉੱਡੇ ਨੇ।
ਤੁਸਾਂ ਨੂੰ ਕਦੇ ਉਹ ਪੁੱਗੇ ਨੇ।
ਤੁਸਾਂ ਫਿਰ ਕੁਤਰ ਦਿੱਤੇ ਨੇ,
ਤੇ ਫਿਰ ਹਿੱਕਾਂ ਸਹਾਰੇ ਪਹੁੰਚ ਕੇ ਅਰਸ਼ੀਂ,
ਅਸੀਂ ਸਭ ਰਲ ਕੇ ਕਹਿੰਦੇ ਹਾਂ।
'ਸਮਾਂ ਨਿਰਪੱਖ ਨਹੀਂ ਹੁੰਦਾ'।
ਜਾਂ ਤੇਰੇ ਪੱਖ ਦਾ ਹੁੰਦੈ,
ਜਾਂ ਮੇਰੇ ਪੱਖ ਦਾ ਹੁੰਦੈ।
●

❑

## ਖ਼ੁਦ-ਕੁਸ਼ੀ ਤੋਂ ਬਾਅਦ

ਛੱਡੋ ਮਿੱਤਰੋ! ਇਹ ਤੋੜੋ ਮੋਹ ਦੀਆਂ ਤੰਦਾਂ,
ਖ਼ੁਦਕੁਸ਼ੀ ਬਾਅਦ ਹੁਣ ਕਿਉਂ ਸੋਚਦੇ ਹੋ।

ਤੁਸੀਂ ਕਵਿਤਾ 'ਚ ਲਿਖਦੇ ਹੋ,
'ਉਹ ਕਿੱਥੇ ਨੇ?' ਜੋ ਕਹਿੰਦੇ ਸੀ,
'ਹਵਾ ਨੂੰ ਬੰਨ੍ਹ ਦੇਵਾਂਗੇ'।
'ਟੁਣਕਵੀਂ ਤਾਰ ਛੇੜਾਂਗੇ'।
'ਅਸੰਭਵ ਨੂੰ ਵੀ ਬਦਲਾਂਗੇ'।

ਕਿਤੇ ਵੀ ਹੋਣ ਉਹ 'ਸਾਰੇ',
ਤੁਹਾਨੂੰ ਫ਼ਿਕਰ ਕਾਹਦਾ ਹੈ।

ਸੁਆਲਾਂ ਦੀ ਝੜੀ ਤੱਕ ਕੇ,
ਅਚੰਭਾ ਕੁਝ ਵੀ ਨਹੀਂ ਹੋਇਆ।
ਤੇ ਨਾ ਹੀ ਆਸ ਸੀ ਏਦਾਂ।

ਅਸਾਂ ਨੂੰ ਆਸ ਸੀ ਪਹਿਲਾਂ,
ਉਹ ਕੀਕਣ ਲੜਨਗੇ ਯਾਰੋ ?
ਜਿੰਨ੍ਹਾਂ ਦੇ ਮੂੰਹ 'ਚ ਬੁਰਕੀ ਹੈ,
ਜਿੰਨ੍ਹਾਂ ਦੇ ਹੱਥ ਚਾਬੀ ਹੈ।
ਜਿੰਨ੍ਹਾਂ ਦਾ ਇਸ਼ਟ ਹੁੱਕਾ ਹੈ,
ਜਿੰਨ੍ਹਾਂ ਨਾ ਧੁੱਪ ਸੇਕੀ ਹੈ,
ਜਿੰਨ੍ਹਾਂ ਨਾ ਵੱਟ ਖਾਧਾ ਹੈ।

ਅਸਾਂ ਨੂੰ ਆਸ ਸੀ ਪਹਿਲਾਂ,
ਉਹ ਕੀਕਣ ਤੁਰਨਗੇ ਯਾਰੋ !

ਜਦੋਂ ਵੀ ਧੁੱਪ ਲੜਦੀ ਹੈ,
ਉਦੋਂ ਈ ਵੱਟ ਚੜ੍ਹਦਾ ਹੈ।
ਇਹ ਤਾਂਹੀਓਂ ਅਣਖ਼ ਸਾਡੀ,
ਤੇਜ਼ ਖ਼ਰ੍ਹਵੀਂ ਦਿਨ-ਬ-ਦਿਨ ਹੋਵੇ।
ਅਸੀਂ ਤਾਂ ਆਸ ਪੂਰਨ ਲਈ,
ਅਜੇ ਮੁੜ ਮੁੜ ਜਨਮਣਾ ਹੈ।
ਤੁਸਾਂ ਇਕ ਵਾਰ ਜੰਮ ਕੇ ਵੀ,
ਨਿਰੀ ਕਾਲਖ਼ ਸਹੇੜੀ ਹੈ।

ਤੁਸੀਂ ਜੇ ਸੱਚ ਪੁੱਛਦੇ ਹੋ,
ਖ਼ੁਦਕੁਸ਼ੀ ਕਰਨ ਤੋਂ ਪਿਛੋਂ,
ਤੁਹਾਡਾ ਸਭ ਹੀ ਫੱਬਦਾ ਹੈ।
ਕਿਉਂ ਕਰਦੇ ਫ਼ਿਕਰ ਏਨਾ ਹੋ,
ਤੁਸੀਂ ਜੇ ਆਪ ਡਰਦੇ ਹੋ।
ਚਲੋ ਛੱਡੋ! ਇਹ ਤੋੜੇ ਮੋਹ ਦੀਆਂ ਤੰਦਾਂ,
ਖ਼ੁਦਕੁਸ਼ੀ ਬਾਅਦ ਹੁਣ ਕਿਉਂ ਸੋਚਦੇ ਹੋ?
●

❑

## ਟਾਈਮ ਕੈਪਸੂਲ

ਜ਼ੁਲਮ ਦਾ ਨਾਂ ਵੀਅਤਨਾਮ ਹੀ ਨਹੀਂ,
ਅਨੇਕਾਂ ਹੋਰ ਨਾਂ ਹਨ: ਮੋਗਾ, ਮੁਕਤਸਰ, ਤਾਰਾਗੜ੍ਹ ਜਹੇ।
ਲੈ ਸਕਦੇ ਹੋ।
ਪਿਛਲੇ ਇਤਿਹਾਸ ਦੇ ਪੰਨੇ ਹੁਣ ਫਿੱਕੇ ਪੈ ਗਏ ਨੇ।
ਜਦ ਵਰਤਮਾਨ ਬੀਤੇ ਤੋਂ ਵੀ ਕਰੜਾ ਹੈ।

ਜਦ ਕੱਲ੍ਹ ਦੇ ਅਖੌਤੀ ਹੀਰਿਆਂ ਨੂੰ,
ਗੋਲੀ ਨਾਲ ਉਡਾਇਆ ਜਾਂਦਾ ਹੈ।
ਜਦ ਕੱਲ੍ਹ ਦੇ ਅਖੌਤੀ ਵਾਰਸਾਂ ਨੂੰ ਭੌਣਾਂ ਤੇ ਲਿਟਾਇਆ ਜਾਂਦਾ ਹੈ।
ਤਾਂ ਇਤਿਹਾਸ ਵਾਲੀ ਗੱਲ ਕੋਈ ਅਰਥ ਨਹੀਂ ਰੱਖਦੀ।
ਉਦੋਂ ਦੇ 'ਮੁਕਤਿਆਂ' ਦਾ ਸ਼ਹਿਰ ਅੱਜ 'ਸਰਹੰਦ' ਲੱਗਦਾ ਹੈ।

ਇਤਿਹਾਸ ਦੇ ਕੁਝ ਕਾਂਡ ਹੋਰ ਵਧੇ ਹਨ।
ਪਰ ਅਜੇ ਇਹ ਜੂਝਦੀਆਂ ਜਿੰਦਾਂ ਦੇ ਪਲ,
ਇਤਿਹਾਸ ਨਹੀਂ ਬਣਨੇ।
ਜੇ ਬਣ ਵੀ ਗਏ ਤੇ ਇਸ ਨੂੰ ਮਿਥਿਹਾਸ ਬਣਾ ਕੇ,
ਉਲੀਕਿਆ ਜਾਵੇਗਾ।
ਤੇ ਕੱਲ੍ਹ ਦੇ ਵਾਰਸਾਂ ਨਾਲ ਵਿਸਾਹਘਾਤ ਕੀਤਾ ਜਾਵੇਗਾ।
ਇਤਿਹਾਸ ਵਿਚ ਤੁਸੀਂ 'ਤੁਸੀਂ ਨਹੀਂ ਹੋਵੇਗੇ।
ਆਉਣ ਵਾਲੇ 'ਕੱਲ੍ਹ' ਨੂੰ ਤਰਲੇ ਕਰ ਕਰ ਰੋਕਿਆ ਜਾਵੇਗਾ।
ਪਰ ਉਹ ਰੁਕੇਗਾ ਨਹੀਂ।
ਉਹ ਇਨਸਾਨ ਪਛਾਣੇਗਾ।
ਉਹ ਤੋੜ ਸੁੱਟੇਗਾ ਤਿੜਕੇ ਰਿਵਾਜ਼ ਗੰਦੇ ਗਲੀਜ਼ ਰਿਸ਼ਤੇ।
ਉਹ ਮੁਨਕਰ ਹੋਵੇਗਾ ਇਸ ਇਤਿਹਾਸ ਨੂੰ ਅਪਨਾਉਣ ਤੋਂ

ਤੇ ਫ਼ਿਰ ਉਹ ਰੋਹ ਦੇ ਵਿਚ ਆ ਕੇ ਪੁਰਾਣਾ ਪਾੜ ਦੇਵਣਗੇ।
ਨਵੇਂ ਦੀ ਗੱਲ ਚੱਲੇਗੀ।

## ਹਾਰਿਆ ਮਦਾਰੀ

ਉਹ ਅਕਸਰ ਹਰ ਮਹਿਫ਼ਲ ਵਿਚ ਹਾਜ਼ਰ ਹੁੰਦੈ।
ਗੱਲ ਚਾਹੇ ਅੰਤਿਮ ਪੜਾਅ ਤੇ ਪੁੱਜੇ ਯਾਤਰੀ ਦੀ ਹੋਵੇ,
ਜਾਂ ਉਡਾਰੀ ਤੇ ਚੜ੍ਹੇ ਪਰਿੰਦਿਆਂ ਦੀ ਡਾਰ ਬਾਬਤ।

ਗੁਫ਼ਾ ਦੇ ਸਿਆਹ ਹਨੇਰੇ ਵਿਚ,
ਉਹ ਆਸ਼ਰਮ ਦੇ ਮਹਾਂ-ਰਿਸ਼ੀ ਕੋਲ ਆਉਂਦੈ।
ਬਨਵਾਸੀ ਰਾਮ ਦੀਆਂ ਖੜਾਵਾਂ ਨੂੰ ਰੱਬ ਆਖਦੈ।
ਕੁੰਜ ਇੰਜ ਬਦਲਦੈ,
ਹਾਰਿਆ ਮਦਾਰੀ ਜੀਕਣ,
ਥੈਲੇ ਦਾ ਅਸਬਾਬ ਨਿੱਤ ਬਦਲਦੈ।

ਖੁੰਝੇ ਹੋਏ ਤੀਰ ਨੂੰ ਤੀਰ ਹੀ ਨਹੀਂ ਮੰਨਦਾ।
ਬੱਸ ਤੁੱਕਾ ਕਹਿ ਕੇ ਟਾਲ ਛੱਡਦੈ।

ਪਿੰਡ ਦੇ ਲੂੰਬੜ ਮਹਾਂਯੋਗੀ ਦੀ
ਹਰ ਅਦਾ ਸੁਖਾਵੀਂ ਆਖਦੈ।

ਯਾਰਾਂ ਦੀ ਮਹਿਫ਼ਲ 'ਚ,
ਉਹਦੀ ਬੱਕੀ ਤੋਂ ਵੀ ਫਰਿਸ਼ਤੇ ਡਰਦੇ ਨੇ,
ਤੇ ਉਸ ਤੋਂ ਖ਼ੁਦਾ ਖ਼ੁਦ ਆਪ।
●

❑

## ਚਿੜੀਆਂ ਮੋਰ ਕਬੂਤਰ ਤੋਤੇ

ਅਸੀਂ ਜੋ ਆਲ ਦੁਆਲੇ ਫਿਰਦੇ ਚੋਗਾ ਚੁਗਦੇ,
ਬੰਦੇ ਨਹੀਂ ਹਾਂ,
ਚਿੜੀਆਂ ਮੋਰ ਕਬੂਤਰ ਕਾਂ ਹਾਂ।
ਜਾਂ ਹਾਂ ਤੋਤੇ ਗਾਨੀ ਵਾਲੇ।
ਲਟ ਪਟ ਪੰਛੀ ਚਤੁਰ ਸੁਜਾਨ।
ਸਭ ਕਾ ਦਾਤਾ ਸ੍ਰੀ ਭਗਵਾਨ।
ਰਟੀ ਜਾਂਦੇ ਹਾਂ।

ਟੁੱਟੇ ਭੱਜੇ ਖਿੰਘਰ ਜਹੇ ਸ਼ੀਸ਼ੇ ਦੇ ਅੰਦਰ,
ਆਪਣਾ ਅਕਸ ਨਿਹਾਰ ਰਹੇ ਹਾਂ।
ਪਰਛਾਵਾਂ ਲਲਕਾਰ ਰਹੇ ਹਾਂ।

ਪੌਣ ਵਗੇ ਤਾਂ ਪੈਲਾਂ ਪਾਈਏ ਚਿਤ ਪਰਚਾਈਏ।
ਮੋਰ ਵਾਂਗ ਚਿਤਕਬਰੇ ਸਾਡਾ ਆਪਣਾ ਤਾਂ ਕੋਈ ਰੰਗ ਨਹੀਂ ਹੈ।

ਵਾਂਗ ਕਬੂਤਰ ਗੋਲੇ ਬੀਬੇ,
ਦੋ ਧਿਰ ਬਣ ਕੇ ਬੈਠ ਗਏ ਹਾਂ।
ਆਪਸ ਦੇ ਵਿਚ ਨਿੱਤ ਲੜਦੇ ਹਾਂ।

ਅਸੀਂ ਜੋ ਆਲ-ਦੁਆਲੇ ਫਿਰਦੇ,
ਚੋਗਾ ਚੁਗਦੇ,
ਬੰਦੇ ਨਹੀਂ ਹਾਂ,
ਚਿੜੀਆਂ ਮੋਰ ਕਬੂਤਰ ਕਾਂ ਹਾਂ।
ਜਾਂ ਹਾਂ ਤੋਤੇ ਗਾਨੀ ਵਾਲੇ।
ਜੋ ਵੀ ਹਾਂ,
ਬੰਦੇ ਨਹੀਂ ਹਾਂ।

●

❑

## ਇਕ ਮਿੰਟ ਖ਼ਾਮੋਸ਼ੀ

ਤੇਰੀ ਅੱਜ ਇਕ ਮਿੰਟ ਖ਼ਾਮੋਸ਼ੀ,
ਮੇਰਾ ਪਿੰਡਾ ਝੁਲਸ ਗਈ ਹੈ।
ਛਾਲੇ ਛਾਲੇ ਲੁੱਛਦਾ ਮਨ ਹਟਕੋਰੇ ਭਰਦਾ,
ਕਿਸੇ ਉਡੀਕ 'ਚ ਬੈਠਾ ਛਾਂ ਨੂੰ ਤੜਪ ਰਿਹਾ ਹੈ।

ਕੇਹੇ ਦਿਨ ਸਨ ਆਪਣੇ ਹੀ ਆਲਮ ਵਿਚ ਡੁੱਬੇ,
ਅੱਗ ਦੇ ਭੱਠ ਵਿਚ ਪੈ ਕੇ ਵੀ ਅਸਾਂ ਸੀ ਨਾ ਕੀਤੀ।
ਦੱਸ ਤਾਂ ਸਹੀ ਕੁਛ ਅੱਥਰੇ ਯਾਰਾ,
ਤੇਰੇ ਪਿੱਛੇ ਕੀਹ ਨਾ ਕੀਤੀ।

ਅੱਜ ਦੀ ਮਿੰਟ ਖ਼ਾਮੋਸ਼ੀ ਦਾ ਵਿਸਥਾਰ,
ਮੇਰੇ ਨਕਸ਼ਾਂ ਨੂੰ ਤਾਰੋ-ਤਾਰ ਕਰ ਗਿਆ।
ਵਹਿੰਦਾ ਦਰਿਆ ਉੱਛਲ ਕੇ ਜਿਉਂ,
ਲਾਗੇ ਚਾਗੇ ਦੇ ਸਾਰੇ ਪਿੰਡ,
ਰਾਤੀਂ ਮਾਰੋ-ਮਾਰ ਕਰ ਗਿਆ।

ਉਂਝ ਮੈਂ ਭਾਵੇਂ,
ਐਵੇਂ ਰੱਖ ਰਖਾਈ ਖ਼ਾਤਿਰ,
ਤੈਨੂੰ ਏਦਾਂ ਕਹਿ ਦਿੱਤਾ ਹੈ,
ਮੈਨੂੰ ਤੇਰੀ ਪ੍ਰਵਾਹ ਨਹੀਂ ਹੈ।
ਮੈਨੂੰ ਤੇਰੀ ਲੋੜ ਨਹੀਂ ਹੈ।
ਪਰ ਤੂੰ ਦੱਸ ਖਾਂ!
ਪ੍ਰਵਾਹ ਤੋਂ ਬਿਨ ਕੌਣ ਕਿਸੇ ਦੀਆਂ,
ਪੈੜਾਂ ਦੇ ਹੁਲੀਏ ਪਹਿਚਾਣੇ।
ਕੌਣ ਕਿਸੇ ਦੀ ਛਾਂ ਨੂੰ ਲੱਭੇ,
ਛਾਵਾਂ 'ਚੋਂ ਖੁਸ਼ਬੋਈ ਮਾਣੇ।

●

❑

## ਬਤਰਜ਼ ਦੇਵਿੰਦਰ ਸਤਿਆਰਥੀ

ਘੋਨਾ ਹਾਥੀ ਮੁੰਦਰਾਂ ਪਾਵੇ।
ਦੱਸ ਰੰਝੇਟਾ ਕਿੱਧਰ ਜਾਵੇ।

ਖਾਉ ਪੀਉ ਮਲ਼ੋ ਸੁਆਹ।
ਇਸ਼ਕੇ ਦਾ ਇਹ ਕੈਸਾ ਫਾਹ।

ਦਿੱਲੀ ਦੀ ਚੰਦਰੀ ਸਰਕਾਰ।
ਖੋਲ੍ਹੀ ਜਾਵੇ ਚੋਰ ਬਾਜ਼ਾਰ।

ਬਿਜਲੀ ਬੰਦ ਹਨੇਰਾ ਘੁੱਪ।
ਸ਼ਹਿਰ 'ਚ ਛਾਪੇਖ਼ਾਨੇ ਚੁੱਪ।

ਇਸ ਸਰਕਾਰ ਕੀ ਪਾਇਆ ਗੰਦ।
ਜੇਲ੍ਹਾਂ ਖੁੱਲ੍ਹੀਆਂ ਕਾਲਜ ਬੰਦ।

ਗ਼ਮਲੇ ਦੇ ਵਿਚ ਲਾਇਆ ਅੱਕ।
ਆਟੇ ਵਿਚੋਂ ਨਿਕਲੀ ਫ਼ੱਕ।

ਬਾਗਾਂ ਵਿਚ ਕੂਕਦੇ ਮੋਰ।
ਕੁਰਸੀ ਉੱਪਰ ਬੈਠੇ ਚੋਰ।

ਕਵੀ ਨੂੰ ਛਾਵਾਂ ਕਰਦੇ ਸੱਪ।
ਸੁਣ ਲਉ ਸਭ ਤੋਂ ਵੱਡੀ ਗੱਪ।

ਇਕ ਨਾਵਲ ਦੇ ਸਫ਼ੇ ਹਜ਼ਾਰ।
ਪਾਠਕ ਪੜ੍ਹ ਕੇ ਹੋਏ ਬੀਮਾਰ।

ਬੁੱਢੀ ਉਮਰੇ ਧੌਲਾ ਝਾਟਾ।
ਰੰਗਦੀ ਵਾਲ ਸ਼ਰਮ ਦਾ ਘਾਟਾ।

ਦਾਹੜੀ ਦਾ ਕਿਉਂ ਕਰਨੈਂ ਪਰਦਾ।
ਜੀਅ ਤੇਰਾ ਬਦੀਆਂ ਨੂੰ ਕਰਦਾ।

ਬਿੱਲੀ ਕੱਲ੍ਹੀ ਘੁੱਪ ਹਨੇਰ।
ਕਰੇ ਗ਼ੁਲਾਮੀ ਬੱਗਾ ਸ਼ੇਰ।

ਕਬਰਾਂ ਦੇ ਵਿਚ ਸੌਣ ਮਲੰਗ।
ਸ਼ਹਿਰ ਦੀਆਂ ਹੱਦਾਂ ਨੇ ਤੰਗ।

ਅੰਬਰਸਰ ਦੀ ਕੈਸੀ ਬਾਤ।
ਚਲੇ ਚਰਖ਼ੜੀ ਦਿਨ ਤੇ ਰਾਤ।

ਪਹਿਲੀ ਵਾਰ ਜਦੋਂ ਸਾਂ ਮੋਏ।
ਕਾਫ਼ੀ ਹਾਊਸ ਦੇ ਬਹਿਰੇ ਰੋਏ।

ਦਿੱਲੀ ਸ਼ਹਿਰ ਨਿਰਾ ਬਕਵਾਸ।
ਹੋਣਾ ਚਾਹੁੰਦਾ ਬੰਦ ਖ਼ਲਾਸ।

ਉਹ ਸੀ ਬੰਦਾ ਬੜਾ ਮਹਾਨ।
ਲੋਕ ਗੀਤ ਸਨ ਉਸਦੀ ਜਾਨ।

●

❑

## ਦੁਚਿੱਤੀ 'ਚੋਂ ਲੰਘਦਿਆਂ

ਅੰਬਰ ਵਿਚ ਅੱਜ ਤੁਰ ਜਾਵਣ ਨੂੰ,
ਜੀ ਕਰਦਾ ਸੀ।
ਇਹ ਹੀ ਸੋਚ ਕੇ ਬੈਠ ਗਿਆ ਹਾਂ,
ਖੰਭਾਂ ਤੋਂ ਬਿਨ ਕੀਕਣ ਅੰਬਰੀਂ ਪਹੁੰਚ ਸਕਾਂਗਾ ?
ਹੱਥਾਂ ਤੋਂ ਬਿਨ ਕੀਕਣ ਤਾਰੇ ਤੋੜ ਸਕਾਂਗਾ ?

ਮਿੱਤਰ-ਬੇਲੀ ਆਪਣੀ ਛਾਵੇਂ,
ਕੱਲ ਰਾਤੀਂ ਜਦ ਘੂਕ ਪਏ ਸੀ।
ਅੱਖ ਬਚਾ ਕੇ ਮੈਂ ਤਾਂ ਉਥੋਂ ਤੁਰ ਚੱਲਿਆ ਸਾਂ।
ਰਾਹ ਵਿਚ ਐਵੇਂ ਚਾਣ-ਚੱਕ ਈ ਚੇਤੇ ਆਇਆ,
ਖ਼ੈਰ! ਉਹ ਚੇਤਾ ਕੁਛ ਵੀ ਹੋਵੇ,
ਚੇਤੇ ਦਾ ਹੁਣ ਚੇਤਾ ਨਹੀਂ ਹੈ।
ਇਹ ਹੀ ਸੋਚ ਕੇ ਮੁੜ ਆਇਆ ਹਾਂ,
ਆ ਕੇ ਕੀਕਣ ਧਰਤੀ ਉਤੇ ਮੁੜ ਕੇ ਰਿਸ਼ਤਾ ਜੋੜ ਸਕਾਂਗਾ।
ਖੰਭਾਂ ਤੋਂ ਬਿਨ ਕੀਕਣ ਅੰਬਰੀਂ ਪਹੁੰਚ ਸਕਾਂਗਾ।

ਕੇਹੇ ਦਿਨ ਸਨ ਆਪਣੇ ਹੀ ਆਲਮ ਵਿਚ ਡੁੱਬੇ,
ਯਾਰਾਂ ਦੀ ਛਾਵੇਂ ਜਦ ਰੋਜ਼ ਸ਼ਾਮ ਸਾਂ ਬਹਿੰਦੇ।
ਜਿੱਤ ਵਰਗਾ ਅਹਿਸਾਸ ਹਮੇਸ਼ਾਂ,
ਭਾਵੇਂ ਸਾਂ ਹਰ ਵਾਰੀ ਢਹਿੰਦੇ।
ਹੁਣ ਜਦ ਬੜੇ ਹੌਸਲੇ ਬੰਨ ਕੇ,
ਮਨ ਵਿਚ ਰੀਝ ਤੁਰਨ ਦੀ ਲੈ ਕੇ ਚੱਲ ਪੈਂਦੇ ਹਾਂ।
ਭਾਵੇਂ ਆਖ਼ਰ ਨੂੰ ਜਿੱਤਣਾ ਹੈ,
ਹਰ ਵਾਰੀ ਹੀ,
ਹਾਰਨ ਦੀ ਗੱਲੋਂ ਹਾਂ ਤ੍ਰਹਿੰਦੇ।

ਹੁਣ ਨਹੀਂ! ਓਦੋਂ,
ਬੜੇ ਖ਼ੂਬ ਸੀ ਦੁਸ਼ਮਣ ਮੇਰੇ।

ਬਾਰੂਦੀ ਸੁਰੰਗਾਂ ਦੇ ਵਾਂਗੂੰ
ਰਾਹਾਂ ਦੇ ਵਿਚ ਵਿਛੇ ਪਏ ਸੀ।
ਭੁੱਲ ਭੁਲੇਖੇ ਜੇਕਰ ਪੈਂਡੇ ਪੈ ਜਾਂਦਾ ਤਾਂ,
ਤੂੰਬਾ ਤੂੰਬਾ ਹੋ ਕੇ ਮੈਂ ਤਾਂ ਉੱਡ ਜਾਣਾ ਸੀ।
ਹਰ ਵਾਰੀ ਹੀ ਮਿੱਤਰ ਲੰਮੀਆਂ ਬਾਹਾਂ ਵਾਲੇ,
ਮਰਦਾਨੇ ਦੀ ਜਿੰਦ ਦੇ ਵਾਂਗੂੰ,
ਰੱਖ ਲੈਂਦੇ ਨੇ।

ਹੁਣ ਵੀ ਕੀ ਹੈ,
ਐਵੇਂ ਈ ਦੁਸ਼ਮਣ ਦੀ ਚਾਲੋਂ ਡਰ ਬੈਠਾ ਸਾਂ।
ਸੋਚ ਰਿਹਾ ਸਾਂ! ਧਰਤੀ ਉੱਤੇ ਰਹਿ ਕੇ,
ਕੀ ਮੈਂ ਦੁਸ਼ਮਣ ਦੀਆਂ ਚਾਲਾਂ ਦਾ ਉੱਤਰ ਮੋੜ ਸਕਾਂਗਾ?
ਤਾਹੀਉਂ ਈ ਅੱਜ ਤੁਰ ਜਾਵਣ ਨੂੰ ਜੀਅ ਕਰਦਾ ਸੀ।

ਹੁਣ ਤਾਂਹੀਏ ਈ ਮੁੜ ਆਇਆ ਹਾਂ,
ਹੁਣ ਤਾਂ ਮੈਨੂੰ ਇੰਝ ਲੱਗਦਾ ਹੈ,
ਜੀਕਣ ਹੁਣ ਮੈਂ ਸਭ ਦੀ ਭਾਜੀ ਮੋੜ ਸਕਾਂਗਾ।
ਆਪਣੇ ਬੁੱਤ ਨੂੰ ਤੋੜ ਸਕਾਂਗਾ।
ਟੁੱਟੇ ਬੁੱਤ ਨੂੰ ਜੋੜ ਸਕਾਂਗਾ।
ਹੁਣ ਤਾਂ ਮੈਨੂੰ ਇੰਜ ਲੱਗਦਾ ਹੈ,
ਤਾਂਹੀਏ ਈ ਮੈਂ ਮੁੜ ਆਇਆ ਹਾਂ।
●

❑

## ਮੇਰਾ ਸਿਰ ਵਾਪਿਸ ਕਰੋ

(ਐਮਰਜੈਂਸੀ ਵਾਲੇ ਦਿਨਾਂ ਨੂੰ ਸਮਰਪਿਤ)

ਸੀਸ ਵਿਹੂਣਾ ਮੈਂ ਤਾਂ ਯਾਰੋ ਅੱਕ ਗਿਆ ਹਾਂ।
ਹੁਣ ਤਾਂ ਮੇਰਾ ਸੀਸ ਦੁਸ਼ਮਣੋ,
ਵਾਪਿਸ ਕਰ ਦਿਉ।
ਸੀਸ ਵਿਹੂਣੇ ਇਸ ਧੜ ਨੂੰ ਮੈਂ,
ਕੀਹ ਕਰਨਾ ਹੈ?
ਇਸ ਨੂੰ ਲੈ ਕੇ ਤੁਰਨਾ ਫਿਰਨਾ,
ਇੰਜ ਲੱਗਦਾ ਹੈ,
ਆਪਣੇ ਹੱਥੋਂ ਹੀ ਮਰਨਾ ਹੈ।

ਬਹੁਤ ਪੁਰਾਣੀ ਬਾਤ ਨਹੀਂ,
ਇਹ ਕੱਲ੍ਹ ਦੀ ਗੱਲ ਹੈ।
ਜਦੋਂ ਤੁਸਾਂ ਵਿਚ ਭਰੀ ਸਭਾ ਦੇ,
ਸਿਰ ਮੰਗੇ ਨਹੀਂ ਸਿਰ ਕੱਟੇ ਸੀ।
ਓਦੋਂ ਮੇਰੀ ਜੀਭ ਕਿਸੇ ਹੱਥ, ਹੱਥ ਕਿਸੇ ਵੱਸ,
ਪੈਰ ਕਿਸੇ ਜੰਜ਼ੀਰ ਜਕੜਿਆ।
ਹੋਰ ਕੀ ਦੱਸਾਂ, ਮੈਂ ਤਾਂ ਯਾਰੋ,
ਬੋਲ ਬੋਲ ਕੇ ਅੱਕ ਗਿਆ ਹਾਂ।
ਹੁਣ ਤਾਂ ਮੇਰਾ ਸੀਸ ਦੁਸ਼ਮਣੋਂ ਵਾਪਿਸ ਕਰ ਦਿਉ।

ਮੇਰੀ ਧੌਣ ਤੇ ਬੈਠੀ ਕੁਰਸੀ ਇੰਜ ਕਹਿੰਦੀ ਸੀ,
ਇਸ ਨੂੰ ਸ਼ਹਿਰੋਂ ਬਾਹਰ ਲਿਜਾ ਕੇ,
ਇਸ ਦੇ ਟੋਟੇ ਟੋਟੇ ਕਰ ਦਿਓ।
ਇਸ ਦੀ ਜੀਭ 'ਚੋਂ ਇਹਨੂੰ ਕੱਢ ਕੇ,
ਮੇਰੇ ਵਾਲੇ ਬੋਲ ਭਰ ਦਿਓ।
ਉਸ ਨੂੰ ਡਰ ਸੀ ਏਸ ਤਰ੍ਹਾਂ ਦਾ ਬੁੱਤ ਵੇਖ ਕੇ,
ਮੈਨੂੰ ਲੋਕੀਂ ਕੀਹ ਆਖਣਗੇ ?

ਉਸਨੂੰ ਖ਼ਬਰੇ ਭਰਮ ਅਜੇਹਾ ਕਿਸ ਪਾਇਆ ਸੀ,
ਮੇਰੀ ਜੀਭ ਉਹਦੇ ਬੋਲਾਂ ਨੂੰ ਸਾਂਭ ਲਵੇਗੀ।
ਜੋ ਆਖੇਗੀ ਬੋਲ ਪਵੇਗੀ।
ਪਰ ਮੈਂ ਚੁੱਪ ਸਾਂ।
ਕੀ ਕਹਿੰਦਾ ਮੈਂ ?
ਓਦੋਂ ਮੇਰੀ ਜੀਭ ਕਿਸੇ ਹੱਥ,
ਹੱਥ ਕਿਸੇ ਹੱਥ,
ਪੈਰ ਕਿਸੇ ਜ਼ੰਜ਼ੀਰ ਜਕੜਿਆ।

ਮੇਰੇ ਦਿਲ ਦੀ ਦਿੱਲੀ ਲੁੱਟ ਲਈ ਨਾਦਰਸ਼ਾਹਾਂ।
ਸੁਪਨਿਆਂ ਦਾ ਸੰਸਾਰ ਮੇਰਾ ਬੁਲਡੋਜ਼ਰ ਢਾਹ ਗਏ।
ਠੱਪਿਆਂ ਵਾਲੇ ਸਾਨ੍ਹ ਫਿਰਨ ਸਰਕਾਰੀ ਬੁੱਕਦੇ।
ਧੀਆਂ ਵਾਂਗੂੰ ਪਾਲੀਆਂ ਕਣਕਾਂ,
ਮਿੱਧਦੇ ਫਿਰਦੇ।
ਇਹ ਨਾ ਰੁਕਦੇ।
ਕੌਣ ਇਨ੍ਹਾਂ ਨੂੰ ਰੋਕ-ਟੋਕ ਕੇ ਮੌਤ ਸਹੇੜੇ,
ਕੌਣ ਰੋਕਦਾ?
ਉਦੋਂ ਤਾਂ ਸਭਨਾਂ ਦੀਆਂ ਜੀਭਾਂ ਸਨ ਕਿਸੇ ਵੱਸ,
ਹੱਥ ਕਿਸੇ ਵੱਸ,
ਪੈਰ ਕਿਸੇ ਜ਼ੰਜੀਰ ਜਕੜਿਆ।

ਸੁੰਨ ਮਸਾਣ ਸ਼ਹਿਰ ਵਿਚ ਵਰਤੀ
ਕੁੱਤੇ ਭੌਂਕਣ, ਇੱਲਾਂ ਘੁੰਮਣ,
ਕਾਵਾਂ ਰੌਲੀ, ਬੋਦਾਖ਼ੋਹੀ,
ਪੁੱਛ ਰਿਹਾ ਸਾਂ ਸੀਸ ਵਿਹੂਣਾ,
ਦੱਸ ਮਨਾਂ ਇਹ ਗੱਲ ਕੀ ਹੋਈ।
ਮਾਵਾਂ ਤੋਂ ਪੁੱਤ ਖੋਹ ਕੇ ਲੈ ਗਏ,
ਬਾਪੂ ਦੀ ਦਾੜ੍ਹੀ ਨੂੰ ਪੈ ਗਏ।
ਇੱਜ਼ਤਾਂ ਮਿੱਟੀ ਘੱਟੇ ਰੁਲੀਆਂ,
ਕੋਈ ਕਿਸੇ ਨੂੰ ਕੁਝ ਵੀ ਆਖਣ ਤੋਂ ਡਰਦਾ ਸੀ,
ਕਹਿੰਦਾ ਵੀ ਕਿੰਜ,
ਓਦੋਂ ਤਾਂ ਸਭਨਾਂ ਦੀਆਂ ਜੀਭਾਂ,

ਸਨ ਕਿਸੇ ਵੱਸ, ਹੱਥ ਕਿਸੇ ਵੱਸ,
ਪੈਰ ਕਿਸੇ ਜੰਜ਼ੀਰ ਜਕੜਿਆ।

ਪਰ ਮੇਰਾ ਸਿਰ ਐਵੇਂ ਤਾਂ ਨਹੀਂ ਲਾਹ ਕੇ ਲੈ ਗਏ ?
ਹਾਲੇ ਤੀਕਣ ਕਬਜ਼ੇ ਦੇ ਵਿਚ ਰੱਖੀ ਬੈਠੇ।
ਉਨਾਂ ਨੂੰ ਇਹ ਮੇਰੇ ਸਿਰ ਤੋਂ ਆਸ ਨਹੀਂ ਸੀ,
ਮੈਂ ਉਨ੍ਹਾਂ ਦੀ ਅਰਦਲ ਦੇ ਵਿਚ ਜਾ ਬੈਠਾਂਗਾ।
ਏਸੇ ਕਰਕੇ ਹਾਲੇ ਵੀ ਉਹ ਮੇਰੇ ਸਿਰ ਨੂੰ ਸਾਂਭੀ ਬੈਠੇ।

ਕੁਰਸੀ ਨੂੰ ਇਹ ਭਰਮ ਕਿਸੇ ਨੇ ਸੱਚ ਪਾਇਆ ਹੈ,
ਸਿਰ ਹੋਵੇ ਸਹੀ,
ਸੀਸ ਕਦੇ ਵੀ ਝੁਕਦਾ ਨਹੀਂ ਹੈ।
ਜਿਸ ਦਾ ਨਾਤਾ ਅਣਖ਼ ਨਾਲ ਹੈ,
ਪੈਰ ਕਦੇ ਵੀ ਰੁਕਦਾ ਨਹੀਂ ਹੈ।
ਭਾਵੇਂ ਹੋਵੇ ਹੱਥ ਕਿਸੇ ਵੱਸ ਭਾਵੇਂ ਹੋਵੇ ਜੀਭ ਕਿਸੇ ਵੱਸ,
ਪੈਰ ਕਿਸੇ ਜੰਜ਼ੀਰ ਜਕੜਿਆ।

ਐਵੇਂ ਅੱਜ ਮੈਂ ਤੈਨੂੰ ਏਦਾਂ ਹਾਸੇ ਭਾਣੇ ਆਖ ਰਿਹਾ ਸਾਂ,
ਮੈਨੂੰ ਮੇਰਾ ਸੀਸ ਦੁਸ਼ਮਣਾ ਵਾਪਿਸ ਕਰ ਦੇਹ।
ਮੈਨੂੰ ਇਹ ਵਿਸ਼ਵਾਸ ਪੁਰਾਣਾ,
ਸੀਸ ਕਦੇ ਮੰਗਿਆਂ ਨਹੀਂ ਮੁੜਦੇ।
ਸੀਸ ਕਦੇ ਮੰਗਿਆਂ ਨਹੀਂ ਮੁੜਦੇ।
●

❑

# ਇਕ ਉਦਾਸ ਸ਼ਾਮ*

ਸ਼ਾਮ ਉਦਾਸ ਹੈ ਯਾਰੋ, ਹੌਕਾ ਨਾ ਭਰੋ।
ਚੁੱਪ ਦਾ ਦਰਦ ਆਇਐ ਦਹਿਲੀਜ਼ੇ,
ਇਹਨੂੰ ਸੱਦੋ ਤੇ ਜਰੋ।
ਜੇ ਨਹੀਂ ਕੁਝ ਵੀ ਕਰਨਾ, ਨਾ ਸਹੀ,
ਜੇ ਕਰਨਾ ਹੈ ਨਾ ਟਾਲ਼ੋ, ਹੁਣ ਹੀ ਕਰੋ।
ਇਹ ਮੌਕਾ ਪੀੜ ਪਰੁੱਚਿਆ ਫੇਰ ਨਹੀਂ ਆਉਣਾ,
ਇਹਨੂੰ ਅੱਜ ਮਾਣ ਕੇ, ਪੱਬ ਅੱਗੇ ਨੂੰ ਧਰੋ।

ਕਿਸੇ ਦਰਿਆ ਦੇ ਕੰਢੇ, ਚੌਂਕ,
ਜਾਂ ਬੀਆਬਾਨ 'ਚ ਰਾਤੀਂ,
ਜੋ ਅਨਹੋਣੀ ਨੇ ਹੋਣਾ ਹੈ,
ਮੇਰੇ ਕਾਤਿਲ ਜੀ ਆਓ, ਹੁਣ ਕਰੋ !

ਰਹੀ ਜੇ ਲਾਟ ਤਾਂ ਦੱਸਾਂਗੇ ਜੁਗਨੂੰ ਨੂੰ,
ਬਿਨਾ ਅੱਗ ਤੋਂ ਭੁਲੇਖਾ ਜੱਗ ਨੂੰ,
ਪਾਉਣੇ ਦੀ ਕੋਸ਼ਿਸ਼ ਤਾਂ ਨਾ ਕਰੋ।
ਪਰਤ ਜਾਉ, ਨਾ ਆਓ ਨਾਲ ਮੇਰੇ,
ਨਹੀਂ ਇਕਰਾਰ ਤਾਂ ਇਨਕਾਰ ਕਰੋ।

ਜੇ ਮੰਨਦੇ ਹੋ, ਤੁਰਨ ਨੂੰ ਜੀਅ ਨਹੀਂ ਕਰਦਾ,
ਤਾਂ ਬੀਮਾਰੋ, ਕਿਸੇ ਹੀ ਤੁਰਨ ਵਾਲੇ ਦਾ,
ਕਦੇ ਸਤਿਕਾਰ ਕਰੋ।

●

*ਐਮਰਜੈਂਸੀ ਲੱਗਣ ਵਾਲਾ ਦਿਨ 27 ਜੂਨ 1975

❑

## ਸ਼ਹਿਰ ਸੌਂ ਰਿਹਾ ਹੈ

ਸ਼ਹਿਰ ਚੁੱਪ ਚਾਪ ਘੂਕਰ ਸੌਂ ਰਿਹਾ ਹੈ।
ਇਹ ਕਿਹੜਾ ਬਾਦਸ਼ਗਨ ਹਾਲੇ ਵੀ,
ਮਿਰਜ਼ਾ ਗੌਂ ਰਿਹਾ ਹੈ।

ਸ਼ਹਿਰ ਦੇ ਬੰਦ ਦਰਵਾਜ਼ੇ,
ਖੜ੍ਹਾ ਹਰ ਮੋੜ 'ਤੇ ਪਹਿਰਾ।
ਸੀ ਦਰਿਆ ਭੀੜ ਦਾ ਜੋ ਕੱਲ੍ਹ,
ਬਣੀ ਬੈਠਾ ਏ ਅੱਜ ਸਹਿਰਾ।

ਆਵਾਜ਼ਾਂ ਬੁੱਤ ਬਣਕੇ ਕੱਲ੍ਹ ਤੀਕਣ,
ਬੈਠੀਆਂ ਸਨ ਜੋ।
ਸਵੇਰੇ ਦਿਨ ਚੜ੍ਹੇ ਤੋਂ ਗਾਇਬ ਨੇ ਉਹ।

ਹਵਾ ਦੇ ਕੰਨ ਵੀ ਓਦਣ ਦੇ,
ਉੱਕਾ ਬੰਦ ਹੋ ਗਏ ਨੇ।
ਸ਼ਹਿਰ ਦੇ ਬਾਹਰਲੇ ਬੂਹੇ,
ਜਿੱਦਣ ਦੇ ਰੰਗ ਹੋ ਗਏ ਨੇ।

ਸ਼ਹਿਰ ਵਿਚ ਡਾਰ ਛਹਿ ਕੇ ਬਹਿ ਗਈ ਹੈ।
ਹਵਾ ਵਿਚ ਖੰਭ ਉੱਡਦੇ ਫ਼ਿਰ ਰਹੇ ਨੇ।
ਸ਼ਿਕਾਰੀ ਖੰਭ ਨੂੰ ਬੈਠੇ ਸਲਾਮੀ ਦੇ ਰਹੇ ਨੇ।
●

❏

## ਫ਼ੁਲਕਾਰੀ ਦਾ ਫੁੱਲ* ਪਲੇਠਾ

ਰੁੱਖ ਦੇ ਹੇਠਾਂ ਰੁੱਖ ਨਹੀਂ ਉੱਗਦਾ।
ਪਰ ਇਹ ਐਸਾ ਰੁੱਖ ਹੈ,
ਜਿਸ ਦੇ ਹੇਠ ਅਨੇਕਾਂ ਰੁੱਖ ਉੱਗੇ ਨੇ।

ਇਕ ਪਲ ਲਾਵੇ ਦਾ ਦਰਿਆ ਹੈ,
ਦੂਜੇ ਪਲ ਬਰਫ਼ਾਨੀ ਟੀਸੀ।
ਫ਼ੁਲਕਾਰੀ ਦਾ ਫੁੱਲ ਪਲੇਠਾ।

ਬੁਰਸ਼ਾਂ ਨਾਲ ਲਿਖੇ ਕਵਿਤਾਵਾਂ।
ਮੌਨ ਪਲਾਂ ਦਾ ਚਿਤਰਕਾਰ,
ਹਿਰਨੋਟਾ ਮਨ ਦਾ।

ਟਿੱਲੇ ਉੱਤੇ ਜਟਾਧਾਰ ਗੋਰਖ ਦਾ ਚੇਲਾ।
ਏਸ ਸਦੀ ਦੇ ਹੱਥੀਂ ਰਚਿਆ,
ਗੁੜ੍ਹਤੀ ਵਾਂਗੂੰ।

ਆਪ ਪਤਾ ਨਹੀਂ
ਕਿਹੜੀ ਮਿੱਟੀ ਦਾ ਬਣਿਆ ਹੈ,
ਪਰ ਮਿੱਟੀ ਵਿਚ ਜਿੰਦ ਧੜਕਾਵੇ।
ਮਾਂ ਦੀ ਲੋਰੀ ਵਰਗਾ ਸੁੱਚਾ,
ਫ਼ੁਲਕਾਰੀ ਦਾ ਫੁੱਲ ਪਲੇਠਾ।
●

---
*ਸ. ਸੋਭਾ ਸਿੰਘ ਚਿਤਰਕਾਰ

❑

## ਲਾਲ ਬੱਤੀ ਤੋਂ ਅੱਗੇ

ਕੱਲ ਤੀਕਣ ਮੈਂ ਜੀਹਦਾ ਸ਼ਾਹ ਸਾਂ,
ਅੱਜ ਮੈਂ ਉਸਦਾ ਕਰਜ਼ਾਦਾਰ ਹਾਂ।
ਅੱਗੇ ਮੈਂ ਜਿਸਦੇ ਸਿਰ ਉੱਤੇ,
ਜਦ ਜੀਅ ਚਾਹੁੰਦਾ,
ਫ਼ਨੀਅਰ ਬਣ ਕੇ ਬਹਿ ਜਾਂਦਾ ਸਾਂ।
ਪਤਾ ਨਹੀਂ ਉਸ ਕਿੱਥੋਂ ਜਾਦੂ ਸਿੱਖ ਲਿਆ ਏ।
ਖੜ੍ਹਾ-ਖਲੋਤਾ ਮੈਨੂੰ ਸਗਵਾਂ ਕੀਲ,
ਪਟਾਰੀ ਬੰਦ ਕਰ ਬਹਿ ਗਏ।
ਅੰਦਰ ਦਾ ਘਸਮੈਲਾ ਚਾਨਣ,
ਹੱਥ ਨੂੰ ਹੱਥ,
ਪਛਾਨਣ ਤੋਂ ਇਨਕਾਰ ਕਰ ਗਿਆ।
ਮੇਰਾ ਸੋਨਾ ਮਿੱਟੀ,
ਉਹਦੀ ਮਿੱਟੀ ਸੋਨਾ,
ਪਲ ਵਿਚ ਮੇਰਾ ਖਿੱਦੋ ਤਾਰੋ ਤਾਰ ਕਰ ਗਿਆ।
ਪਤਾ ਨਹੀਂ ਉਸ ਕਿਥੋਂ ਜਾਦੂ ਸਿੱਖ ਲਿਆ ਹੈ।
ਨਜ਼ਰਾਂ ਦੀ ਵਲਗਣ ਦੀ ਪੱਕੀ ਸੀਮਾ ਬੰਦੀ,
ਹਰ ਪਲ ਸਾਹਾਂ ਦੇ ਪਿੱਛੇ ਸਾਹ ਸੂਹਾਂ ਰੱਖਦੇ।

ਬਾਜ਼ਾਰਾਂ,
ਗਲੀਆਂ,
ਸੜਕਾਂ ਤੇ,
ਚੌਰਾਹਿਆਂ 'ਤੇ।
ਭੀੜਾਂ ਨੇ,
ਭੀੜਾਂ ਵਿਚ ਮੈਂ ਹਾਂ।
ਮੇਲਾ ਹੈ,
ਮੇਲੇ ਵਿਚ ਮੈਂ ਵੀ,
ਮੇਲੀ ਬਣ ਕੇ ਵਿਚਰ ਰਿਹਾ ਹਾਂ।

ਮੇਲਾ ਚੌਂਕ ਦੀਆਂ ਬੱਤੀਆਂ ਨੇ,
ਰੋਕ ਲਿਆ ਹੈ।
ਵੱਜਦੀ ਸੀਟੀ ਭੀੜ ਕੀਲ ਕੇ ਗੁੰਮ ਬੈਠੀ ਹੈ।
ਮੈਂ ਮੇਲਾ ਮੈਂ ਭੀੜ ਦਾ ਪੁਰਜ਼ਾ,
ਹੌਲੀ ਹੌਲੀ ਛਿੜ ਜਾਵਾਂਗਾ।
ਸਭ ਧਾਗੇ,
ਨਜ਼ਰਾਂ ਦੀ ਵਲਗਣ ਗਲ ਚੁੱਕੀ ਹੈ।
ਹੁਣ ਲੋਹੇ ਦੀ ਸੀਮਾ ਬੰਦੀ ਘੇਰੀ ਬੈਠੀ।
ਵੱਜਦੀ ਸੀਟੀ ਚੌਂਕ ਦੀਆਂ ਬੱਤੀਆਂ ਤੋਂ ਡਰ ਕੇ,
ਜੀਅ ਨਹੀਂ ਸਕਣਾ।
ਹੁਣ ਬੱਤੀ ਦੀ ਹੱਦ ਟੱਪਣ ਲਈ,
ਤੜਫ਼ ਰਿਹਾ ਹਾਂ।
●

❏

## ਕਿਸੇ ਨਾਲ ਵੀ ਮੁਲਾਕਾਤ

ਅੱਜ ਦੀ ਰਾਤ
ਮੈਂ ਕਿਸੇ ਵੀ ਚਿਹਰੇ ਤੋਂ ਪੁੱਛਦਾ ਹਾਂ।
ਤੇਰੇ ਹੋਠਾਂ ਦੇ ਦਰਵਾਜ਼ੇ,
ਕਿਉਂ ਸਦੀਆਂ ਤੋਂ ਬੰਦ ਪਏ ਨੇ।
ਖੱਦੇ ਬੂਹੇ ਦਸਤਕ ਦੀਆਂ ਉਡੀਕਾਂ ਕਰਦੇ,
ਕੰਧਾਂ ਦੇ ਵੱਲ ਘੂਰ ਰਹੇ ਨੇ।

ਕੁਝ ਤਾਂ ਬੋਲ ਪਿਆਰੇ !
ਸੂਰਜ ਘਸ ਕੇ ਮੁੱਕ ਚਲਿਆ ਹੈ।
ਡੁੱਬ ਚੱਲੇ ਨੇ ਤਾਰੇ।
ਤੇਰੇ ਮੱਥੇ ਤੇ ਜੋ ਨਦੀਆਂ ਕਿਸਮਤ ਥਾਵੇਂ,
ਮੈਂ ਤਰ ਲਈਆਂ।
ਚਿਹਰੇ ਤੋਂ ਨਜ਼ਮਾਂ ਦੀਆਂ ਸਤਰਾਂ,
ਮੈਂ ਪੜ੍ਹ ਲਈਆਂ।
ਹੁਣ ਤਾਂ ਮੂੰਹੋਂ ਬੋਲ !

ਐਵੇਂ ਭਰਮ ਭੁਲੇਖਾ ਬਣਿਆ ਰਹਿਣ ਦੇ।
ਜੋ ਢਹਿੰਦਾ ਏ ਚੁੱਪ ਕਰਕੇ ਤੂੰ ਢਹਿਣ ਦੇ।
ਕਿਸ ਕਿਸ ਥੱਲੇ ਹੁਣ ਤੂੰ ਮੋਢਾ ਡਾਹਵੇਂਗਾ।
ਇਕ ਦਿਨ ਐਵੇਂ ਥੱਲੇ ਆ ਕੇ,
ਹਾਸੇ-ਭਾਣੇ ਮਰ ਜਾਵੇਂਗਾ।

●

❑

## ਗਰੀਟਿੰਗ ਕਾਰਡ

ਵੱਖ ਵੱਖ ਰੰਗਾਂ ਦੇ ਪੱਤਰਾਂ 'ਤੇ,
ਸੁਨੇਹਾ ਇਕ ਹੀ ਲੱਦ ਕੇ,
ਮੈਂ ਸਮਝਾਂ ਹੁਣ ਸੁਰਖ਼ਰੂ ਹਾਂ,
ਨਵਾਂ ਇਹ ਸਾਲ ਸ਼ੁਭ ਪਿਆਰੇ,
ਤੁਸਾਂ ਸਭ ਲਈ ਹੈ ਮੁਬਾਰਿਕ।

ਪੁਰਾਣੇ ਸਾਲ ਵਾਲੇ ਅੱਖਰਾਂ ਤੇ ਹਿੰਦਸਿਆਂ ਦੀ,
ਚਾਲ ਵਿਚ ਅੰਤਰ ਨਹੀਂ ਹੈ।
ਪੁਰਾਣੇ ਸਾਲ ਵਰਗਾ ਹੀ ਤਾਂ ਸਭ ਕੁਝ ਹੈ,
ਪੁਰਾਤਨ ਸ਼ਹਿਰ,
ਚਰਚਾ ਤੇ,
ਉਲਾਂਭੇ।
ਸੁਨਹਿਰਾ ਹਿਰਨ ਘੁੰਮਦਾ ਹੈ,
ਜੋ ਮੇਰੇ ਮਨ ਨੂੰ ਬੁਰਕੀ ਸੁੱਟ ਜਾਂਦਾ ਹੈ।
ਮੈਂ ਲੱਭਾਂ ਹਿਰਨ ਕਸਤੂਰੀ।

ਪਰ !
ਪੁਰਾਣੇ ਸ਼ਹਿਰ ਦੀਆਂ ਕੰਧਾਂ ਤੇ ਚਿਪਕੇ ਇਸ਼ਤਿਹਾਰ।
ਨਹੀਂ ਤਾਂ ਕੌਣ ਹੈ ?
ਜੋ ਚੱਕਰਾਂ 'ਚ ਘਿਰਿਆ ਰਹੇ ਬਿਨ ਮਰਜ਼ੀਓਂ ਹੀ।
ਹੋਰ ਤਾਂ ਹੋਰ,
ਪੁਰਾਣੇ ਸਾਲ ਵਾਲਾ ਮੈਂ ਵੀ,
ਖ਼ਾਲੀ ਹੱਥ ਫ਼ਿਰਦਾ ਹਾਂ।
ਜੋ ਖ਼ਾਲੀ ਪੇਟ ਨਵ-ਵਰ੍ਹਿਆਂ ਦੇ ਨਾਂ 'ਤੇ,
ਜਸ਼ਨ ਕਰਦਾ ਹਾਂ।
ਤੇ ਉਂਝ ਜਦ ਰਾਤ ਪੈਂਦੀ ਹੈ।
ਰਿਵਾਜਨ ਹੱਸ ਛੱਡਦਾ ਹਾਂ।

ਜਿਵੇਂ ਮੈਂ ਬਹੁਤ ਹੀ ਖੁਸ਼ ਹਾਂ।
ਅਸਲ ਵਿਚ ਹਾਰੀਆਂ ਸੱਧਰਾਂ ਦਾ ਭਾਂਡਾ ਤਿੜਕ ਜਾਵਣ ਤੇ,
ਨਿਰੀ ਸ਼ਰਮਿੰਦਗੀ ਹੀ ਹੈ।

ਤੇ ਆਖ਼ਰ ਮੇਰਿਉ ਮਿੱਤਰੋ !
ਮੈਂ ਅਗਲਾ ਖ਼ਤ-ਮੁਬਾਰਕ ਪਾਉਣ ਤੋਂ ਪਹਿਲਾਂ,
ਨਰੋਏ ਸ਼ਬਦ ਢੂੰਡਾਂਗਾ।
ਪੁਰਾਤਨ ਸ਼ਹਿਰ ਦੇ ਖੋਲੇ 'ਚ ਗੁਜ਼ਰੀ
ਜ਼ਿੰਦਗੀ ਜ਼ਹਿਰੀ ਦੇ,
ਹੁਣ ਮੈਂ ਅਰਥ ਬਦਲਾਂਗਾ।
ਤੁਸਾਂ ਨਾਲ ਰਲ ਕੇ ਸੋਚਾਂਗਾ।
ਤੁਸਾਂ ਨਾਲ ਰਲ ਕੇ ਜੀਵਾਂਗਾ।
ਕਿ ਨਾ ਹਰ ਸਾਲ ਬੁੱਢਾ ਸ਼ਬਦ,
ਖ਼ਤ ਦੀ ਸ਼ਾਨ ਬਣਦਾ ਰਹੇ।
ਜਦੋਂ ਕੁਝ ਨਵਾਂ ਜਿਹਾ ਹੋਊ,
ਉਦੋਂ ਮੈਂ ਆਪ ਆਖਾਂਗਾ।
ਨਵੇਂ ਯੁਗ ਦਾ ਵਰ੍ਹਾ-ਪਿਆਰੇ,
ਤੁਸਾਂ ਸਭ ਨੂੰ ਹੀ ਹੈ ਮੁਬਾਰਕ।
●

❑

## ਸਾਡਾ ਸਾਂਝਾ ਦੁੱਖ ਦਰਿਆ

(ਪ੍ਰੋ. ਸ਼ਰੀਫ਼ ਕੁੰਜਾਹੀ ਦੇ ਨਾਂ)

ਸਰਹੱਦ ਪਾਰ ਖਲੋਤੇ ਮਿੱਤਰਾ, ਕਾਹਨੂੰ ਦਿਲ ਭਰਿਆ।
ਆਪਾਂ ਦੋਵੇਂ ਵੱਖ ਹਾਂ ਭਾਵੇਂ, ਸਾਡਾ ਸਾਂਝਾ ਦੁੱਖ ਦਰਿਆ।

ਦਰਦ ਕਹਾਣੀ ਸਾਂਝੀ ਸਾਡੀ, ਸਾਂਝੀਆਂ ਸਾਡੀਆਂ ਪੀੜਾਂ।
ਇਕ ਦੂਜੇ ਦਾ ਪਿੰਡਾਂ ਵਿੰਨਿਆ, ਸਾਡੇ ਆਪਣੇ ਤੀਰਾਂ।
ਸਿੰਮਦੀ ਪੀੜ ਮੇਰੀ ਦੀ ਗਾਥਾ, ਇਹ ਵਹਿੰਦਾ ਦਰਿਆ।

ਤੇਰੇ ਪਿੰਡ ਵਿਚ ਉੱਗੇ ਰੁੱਖ ਦਾ, ਮੈਂ ਅਦਨਾ ਪ੍ਰਛਾਵਾਂ।
ਸੰਨ ਸੰਤਾਲੀ ਖਾ ਗਿਆ ਜੀਹਦੇ, ਟਾਹਣ ਸਣੇ ਹੀ ਛਾਵਾਂ।
ਹੁਣ ਤਾਂ ਤੇਰੀ ਛਾਂ ਬਿਨ ਯਾਰਾ, ਰਹਿੰਦਾ ਦਿਲ ਤਪਿਆ।

ਸਾਂਝੀ ਹੀਰ ਤੇ ਮਿਰਜ਼ੇ ਸਾਂਝੇ, ਸਾਂਝੇ ਸਾਡੇ ਰਾਂਝੇ।
ਆਪਾਂ ਹੀ ਦੋਵੇਂ ਕਿਉਂ ਯਾਰਾ, ਇਕ ਦੂਜੇ ਬਿਨ ਵਾਂਝੇ।
ਇਕ ਦੂਜੇ ਦੇ ਜ਼ਖ਼ਮਾਂ ਉੱਤੇ, ਦੇਈਏ ਮਰਮਾਂ ਲਾ।

ਤੇਰੇ ਸ਼ਹਿਰ ਦੇ ਹਾਕਮ ਵਾਂਗੂੰ, ਹਾਕਮ ਸਾਡਾ ਚੰਦਰਾ।
ਤਾਹੀਉਂ ਤੇਰੇ ਹੋਠਾਂ ਵਾਂਗੂੰ, ਮੇਰੇ ਹੋਠੀਂ ਜੰਦਰਾ।
ਲੱਖ ਜ਼ੰਜੀਰਾਂ ਹੋਵਣ ਭਾਵੇਂ, ਸਾਨੂੰ ਕੀਹ ਪ੍ਰਵਾਹ।

ਹੱਦ ਬੰਦੀਆਂ ਸਾਡੀ ਸਾਂਝ ਦੀ ਕੰਧ, ਬੇ-ਮਤਲਬ ਨੇ ਲੀਕਾਂ।
ਬੋਲ ਤੇਰੇ ਜਦ ਸਹਿਣ ਤਸੀਹੇ, ਮੈਂ ਸੁਣਦਾ ਹਾਂ ਚੀਕਾਂ।
'ਵਾ ਨੂੰ ਕੌਣ ਕਹੇ ਨਾ ਦੱਸੀਂ, ਹੱਡਾਂ ਦਾ ਤੜਪਾਅ।

●

❏

## ਆਪੋ ਆਪਣੀ ਧਰਤੀ ਆਪੋ ਆਪਣਾ ਸੂਰਜ

ਦਿਲ ਨੂੰ ਕੌਣ ਕਹੇ ਦਰਿਆਵਾ,
"ਬੰਦਾ ਬਣ ਜਾਹ"
ਕਿਹੜੀ ਰੁੱਤੇ ਐਵੇਂ ਖੌਰੂ ਪਾਉਣ ਡਿਹਾ ਏਂ !

ਨਿੱਕੇ ਨਿੱਕੇ ਖ਼ਾਬ ਬੁਣੇ ਜੋ ਨਿੱਕੀ ਉਮਰੇ,
ਤਾਰ ਤਾਰ ਹਟਕੋਰੇ ਵਾਂਗੂੰ ਖਿੱਲਰ ਗਏ ਨੇ।
ਉੱਡਣੇ ਘੋੜੇ ਸਣੇ ਲਗਾਮਾਂ ਤੋੜ ਕੇ ਭੱਜ ਗਏ,
ਵੰਝਲੀ ਵਰਗੇ ਯਾਰ ਤੂੰ ਲੱਭ ਲੈ ਕਿੱਧਰ ਗਏ ਨੇ।

ਹੱਥਾਂ ਤੋਂ ਰੇਖਾਵਾਂ ਉੱਡ ਪੁੱਡ ਕਿਧਰ ਗਈਆਂ,
ਪਲ ਵਿਚ ਸੂਹਾ ਚਿਹਰਾ ਵੀ ਬਦਰੰਗ ਹੋ ਗਿਆ।
ਪੌਣ ਔਂਤਰੀ ਪਤਾ ਨਹੀਂ ਕੇਹੀ ਵਿਹੜੇ ਆ ਗਈ,
ਮੇਰੇ ਵਰਗਾ ਸ਼ਾਹ ਵੀ ਪਲ ਵਿਚ ਨੰਗ ਹੋ ਗਿਆ।

ਆਪੋ ਆਪਣੀ ਧਰਤੀ ਉੱਤੇ,
ਆਪੋ ਆਪਣਾ ਸੂਰਜ ਮੱਲ ਕੇ,
ਬੈਠ ਗਿਆ ਨੂੰ ਕੀਹ ਕੋਈ ਆਖੇ ?

ਆਪੋ ਆਪਣੇ ਸਿਰ ਤੇ ਆਪੋ ਆਪਣਾ ਰੁੱਖ ਹੈ।
ਸਭਨਾਂ ਦੇ ਮਨ ਅੰਦਰ ਆਪੋ ਆਪਣਾ ਦੁੱਖ ਹੈ।
ਕਿਸੇ ਦੀਆਂ ਪੀੜਾਂ ਨੂੰ ਜਰਨਾ ਬਹੁਤ ਕਠਿਨ ਹੈ।
ਆਪੋ ਆਪਣੀ ਮੌਤ ਮਰਨ ਦੀ ਵਿਹਲ ਨਹੀਂ ਹੈ।

ਵੰਨ ਸੁਵੰਨੇ ਸੰਸੇ ਭਰਮ ਭੁਲੇਖੇ,
ਪਤਾ ਨਹੀਂ ਕਿੰਜ ਸਾਂਝੇ।
ਆਪੋ ਆਪਣੇ ਖੰਭ ਨੇ,
ਤੇ ਖੰਭ ਖੰਭ ਦੀਆਂ ਡਾਰਾਂ।

ਉੱਡਦੇ ਜੇ ਪੰਖੇਰੂ ਤਾਂ ਮੈਂ 'ਵਾਜ ਮਾਰਦਾ,
ਹੌਂਕਦਿਆਂ ਖੰਭਾਂ ਨੂੰ ਕੀਕਣ 'ਵਾਜ਼ਾਂ ਮਾਰਾਂ।

ਆਪੋ ਆਪਣੀ ਧਰਤੀ ਆਪੋ ਆਪਣਾ ਸੂਰਜ,
ਆਪੋ ਆਪਣੀ ਧੁੱਪ ਹੈ ਆਪੋ ਆਪਣਾ ਦੁੱਖ ਹੈ।
ਸਭਨਾਂ ਦੇ ਸਿਰ ਉੱਤੇ ਆਪੋ ਆਪਣਾ ਰੁੱਖ ਹੈ।

ਦਿਲ ਨੂੰ ਕਿੰਜ ਸਮਝਾਵਾਂ,
ਇਹਦੇ ਵਾਰੇ ਆਵਾਂ,
ਖਿੱਲਰ ਗਏ ਹਟਕੋਰੇ ਵਰਗੇ ਯਾਰ ਗੁਆਚੇ,
ਕਿੱਦਾਂ ਮੈਂ ਅੱਜ ਖੰਭਾਂ ਵਿਚੋਂ ਲੱਭਣ ਜਾਵਾਂ।

ਦਿਲ ਨੂੰ ਕਿਹੜੇ ਮੂੰਹ ਨਾਲ ਆਖਾਂ,
ਬੰਦਾ ਬਣ ਜਾਹ!
ਕਿਹੜੀ ਰੁੱਤੇ ਐਵੇਂ ਖ਼ੌਰੂ ਪਾਉਣ ਡਿਹਾ ਏਂ ?
ਨਿੱਕੇ ਨਿੱਕੇ ਖ਼ਾਬ ਬੁਣੇ ਜੋ ਤੂੰ ਨਿੱਕੀ ਉਮਰੇ,
ਤਾਰ ਤਾਰ ਹਟਕੋਰੇ ਵਾਂਗੂੰ ਖਿੱਲਰ ਗਏ ਨੇ।

ਉੱਡਣੇ ਘੋੜੇ ਸਣੇ ਲਗਾਮਾਂ ਤੋੜ ਕੇ ਭੱਜ ਗਏ,
ਵੰਝਲੀ ਵਰਗੇ ਯਾਰ ਤੂੰ ਲੱਭ ਲੈ,
ਕਿੱਧਰ ਗਏ ਨੇ ?
●

## ਬੰਦ ਦਰਵਾਜ਼ੇ ਅੰਦਰ ਸੋਚੇਂ

ਬੰਦ ਦਰਵਾਜ਼ੇ ਅੰਦਰ ਸੋਚੇਂ ਪਤਾ ਨਹੀਂ ਕੀ ਯਾਰ ਹੋ।
ਨਿਮੋਝੂਣ ਤਬੀਅਤ ਤੇਰੀ ਦੱਸਦੀ ਤੂੰ ਬੇਕਾਰ ਹੋ।

ਉਮਰ ਆਪਣੀ ਦੇ ਤੂੰ ਗਿਣ ਲੈ ਕਿੰਨੇ ਵਰ੍ਹੇ ਲੰਘਾਏ।
ਹਰ ਰੁੱਤੇ ਤੇਰੀ ਫ਼ਸਲ ਨੂੰ ਖਾਵਣ ਕੌਣ ਬਟੇਰੇ ਆਏ।
ਤੂੰ ਸਕਦੈਂ ਪਹਿਚਾਣ ਕਿ ਉੱਠ ਕੇ ਉਂਗਲ ਨਾਲ ਚਿਤਾਰ ਹੋ।

ਤੇਰੇ ਹੱਕ ਨੂੰ ਰੋਜ਼ ਦਿਹਾੜੀ ਕਿਹੜਾ ਛੇੜੀ ਜਾਵੇ।
ਧਰਤੀ ਘੁੰਮੇ ਅਸੀਂ ਖਲੋਤੇ ਕਿਹੜਾ ਗੇੜੀ ਜਾਵੇ।
ਜਨਮ ਵੇਲੇ ਦੀ ਪਹਿਲੀ ਲੋਰੀ ਤੋਂ ਉੱਠ ਪਉ ਹੁਣ ਯਾਰ ਹੋ।

ਤੇਰੀ ਲਾਡ ਲਡਿੱਕੀ ਮੱਖ਼ਣੀ ਨੂੰ ਪਿਆ ਕਿਹੜਾ ਖਾਵੇ।
ਤੇਰੇ ਘਰ ਤੋਂ ਰੀਝ ਪ੍ਰਾਹੁਣੀ ਬਿਨ ਪਾਣੀ ਮੁੜ ਜਾਵੇ।
ਪਹਿਲਾਂ ਸੁਸਤੀ ਬਹੁਤ ਕਰੀ ਹੁਣ ਉੱਠ ਤੇ ਥਾਪੀ ਮਾਰ ਹੋ।

ਮੇਰੇ ਸਿਰ ਤੇ ਪੱਗ ਹੈ ਬਝੀ ਫ਼ਿਕਰਾਂ ਵਿੰਨੀ ਤਾਣੀ।
ਡੌਲ਼ੇ ਪਰਖ਼ਣ ਦੀ ਨਾ ਐਵੇਂ ਹੋ ਜਾਏ ਰੀਝ ਪੁਰਾਣੀ।
ਉੱਠ ਸਮਾਂ ਦੁਰਕਾਰੂ ਤੈਨੂੰ ਜੇ ਨਾ ਉੱਠਿਉਂ ਯਾਰ ਹੋ!

ਅੰਦਰ ਵੜ ਕੇ ਏਦਾਂ ਆਪਾਂ ਬੈਠੇ ਰਹੇ ਜੇ ਸਾਰੇ।
ਮੁੱਕਣਗੇ ਕਿੰਜ ਅੰਬਰ ਵਿਚੋਂ ਬੋਦੀ ਵਾਲੇ ਤਾਰੇ।
ਨਹਿਸ਼ ਕੁਲਹਿਣੇ ਧਰਤੀ 'ਤੇ ਪਟਕਾਈਏ ਮੂੰਹ ਦੇ ਭਾਰ ਹੋ।
ਬੰਦ ਦਰਵਾਜ਼ੇ ਅੰਦਰ ਸੋਚੇਂ ਪਤਾ ਨਹੀਂ ਕੀ ਯਾਰ ਹੋ।

●

❑

# ਮਾਏ ਨੀ ਮਾਏ

ਮਾਏ ਨੀ ਮਾਏ! ਤੇਰਾ ਪੁੱਤ ਦੱਸਣੋਂ ਸ਼ਰਮਾਏ।
ਕੱਢੇ ਜੇ ਆਵਾਜ਼ ਮੂੰਹੋਂ ਪੁੱਤ ਤੇਰਾ ਬਾਂਕੜਾ ਨੀ, ਪੈਣ ਉਹਨੂੰ ਕੁੱਤੇ ਹਲਕਾਏ।

ਕਾਹਦੀ ਨੀ ਉਡੀਕ ਮੇਰੇ ਮੱਥੇ ਉੱਤੋਂ ਤੱਕਨੀ ਏਂ,
ਖ਼ਾਲੀ ਹੱਥੀਂ ਘਰ ਨੂੰ ਮੈਂ ਆਉਣਾ।
ਸੁਪਨੇ 'ਚ ਰੱਖ ਨਾ ਤੂੰ, ਆਸਾਂ ਦੇ ਅੰਬਾਰ ਲਾ ਕੇ,
ਗੱਲੀਂ ਬਾਤੀਂ ਤੈਨੂੰ ਮੈਂ ਰਜਾਉਣਾ।
ਕਰਕੇ ਪੜ੍ਹਾਈ ਪੂਰੀ ਡਿਗਰੀ ਨੂੰ ਮਾਰ ਕੱਛੇ, ਪੁੱਤ ਤੇਰਾ ਕਿੱਧਰ ਨੂੰ ਜਾਏ।

ਰੋਜ਼ ਰਾਹੀਂ ਅੰਮੀਏਂ ਨੀ ਗੋਡਿਆਂ 'ਚ ਸਿਰ ਦੇ ਕੇ ,
ਸੋਚਦੇ ਨੇ ਲੱਖਾਂ ਮੇਰੇ ਯਾਰ ਨੀ।
ਬਾਪੂ ਦੀ ਹੰਡਾਲੀ ਇਕ ਖਾਣ ਨੂੰ ਟੱਬਰ ਸਾਰਾ,
ਕਿੱਦਾਂ ਮੈਂ ਵੰਡਾਵਾਂ ਉਹਦਾ ਭਾਰ ਨੀ।
ਅੱਖੀਆਂ ਨੂੰ ਨੀਵਾਂ ਕਰ ਪੁੱਤਰ ਤੇਰਾ ਰੋਜ਼ ਮਾਏ, ਸ਼ਾਹਾਂ ਦੀ ਹਵੇਲੀ ਲੰਘ ਜਾਏ।

ਮੰਡੀ ਵਿਚ ਵਿਕਿਆ ਨੀ ਅੱਜ ਤੇਰੇ ਪੁੱਤ ਵਾਂਗੂੰ,
ਪੁੱਛ ਲੈ ਤੂੰ ਮੈਨੂੰ ਉਹਦਾ ਨਾਮ ਨੀ।
ਸੁੱਟ ਕੇ ਉਦਾਸ ਸਿਰ ਗੋਡਿਆਂ ਦੇ ਭਾਰ ਬੈਠਾ,
ਪੁੱਤ ਤੇਰੇ ਵਰਗਾ ਜੁਆਨ ਨੀ।
ਹੋਰ ਕਿੰਨੀ ਦੇਰ ਅਜੇ ਓਸ ਏਦਾਂ ਬੈਠੇ ਰਹਿਣਾ, ਮੈਨੂੰ ਨਾ ਸਮਝ ਨਾ ਕੋਈ ਆਏ।

ਮਾਏ ਨੀ ਤੂੰ ਮਮਤਾ ਨੂੰ ਸਾਂਭ ਰੱਖ ਦਿਲ ਵਿਚ,
ਅਜੇ ਇਹਦੀ ਜਾਪਦੀ ਨਾ ਲੋੜ ਨੀ।
ਤੁਰਨਾ ਏਂ ਕਾਫ਼ਲਾ, ਜਹਾਨ ਹੋਣ ਨਾਲ ਇਹਦੇ,
ਪੁੱਟਣਾ ਏਂ ਖੋੜ੍ਹਾਂ ਵਾਲਾ ਬੋਹੜ ਨੀ।
ਮੱਝੀਆਂ ਦੀ ਖੁਰਲੀ ਤੇ ਪੱਠੇ ਸਾਡਾ ਬਾਪੂ ਪਾਵੇ, ਦੁੱਧ ਸਾਰੇ ਉੱਚੇ ਘਰੀਂ ਜਾਏ।
●

❑

## ਕੁਝ ਨਿੱਕੀਆਂ ਕਵਿਤਾਵਾਂ

### ਕਿਵੇਂ ਹੋ ਸਕਦਾ ਹੈ ?

ਕਿਵੇਂ ਹੋ ਸਕਦਾ ਹੈ,
ਕੂਕੇ ਭੁੱਲ ਜਾਣ ਤੋਪ ਦਾ ਮੂੰਹ।
ਹਰਫ਼ ਕਿੰਜ ਭੁੱਲ ਸਕਦੇ ਨੇ,
ਹਿੱਕ ਤੋਂ ਦੀ ਦੌੜਦੇ ਘੋੜਿਆਂ ਦੀ ਟਾਪ।

ਮਾਂ ਦਾ 'ਤਾਰੂ' ਪੁੱਤ,
ਕਿੰਜ ਭੁੱਲ 'ਰੰਬੀ' ਦੀ ਧਾਰ।
ਸਿਰਫ਼ ਅਸੀਂ ਭੁੱਲ ਸਕਦੇ ਹਾਂ,
ਜੋ ਕੇਵਲ ਗੱਲਾਂ ਦਾ ਖੱਟਿਆ ਖਾਂਦੇ ਹਾਂ।

### ਮੌਸਮ

ਕੇਹੀ ਅਨੋਖੀ ਰੁੱਤ ਹੈ!
ਜਦ ਜੰਮਦੇ ਨੇ ਸਿਰਫ਼ ਅੰਗਿਆਰ।
ਤੇ ਦੱਬ ਦੇਣ ਦੇ ਬਾਵਜੂਦ ਵੀ ਚੀਖ਼ਦੇ ਨੇ,
"ਸੰਗ੍ਰਾਮ ਦੀ ਜਿੱਤ ਹੁੰਦੀ ਹੈ।"

### ਇਕ ਸੁਆਲ

ਸ਼ਾਇਰਾਂ ਦਾ ਕਥਨ ਔਰਤ ਫੁੱਲ ਹੁੰਦੀ ਹੈ।
ਮੈਂ ਪੁੱਛਦਾ ਹਾਂ ?
ਕੋਲੇ ਚੁਗਦੀ ਮਦਰਾਸਣ ਤੋਂ ਲੈ ਕੇ,
ਇੰਪਾਲਾ ਕਾਰ 'ਚ ਬੈਠੀ ਔਰਤ ਤੀਕ,
ਫੁੱਲਾਂ ਦੀਆਂ ਕਿੰਨੀਆਂ ਕਿਸਮਾਂ ਹਨ ?

## ਹਕੂਮਤ

ਨਵੇਂ ਲਾਰਿਆਂ, ਨਵੇਂ ਸ਼ੋਸ਼ਿਆਂ,
ਦੀ ਟਕਸਾਲ ਪੁਰਾਣੀ।
ਮਨ ਪੁੱਛਦਾ ਹੈ-ਕੀਕਣ ਆਖਾਂ,
'ਰੜਕ' ਨੂੰ ਨੀਂਦਰ ਰਾਣੀ।

## ਪੁਲਸੀਏ

ਸਿਰ ਤੇ ਹਾਕਮ ਖ਼ੌਰੂ ਪਾਉਂਦੇ
ਅੱਖ 'ਚ ਲਟਕਣ ਲਾਰੇ।
ਖ਼ਾਕੀ ਵਰਦੀ ਦੇ ਵਿਚ ਬੱਝੇ,
ਕਿਧਰ ਜਾਣ ਵਿਚਾਰੇ।

## ਵਰਜਿਤ ਬੋਲ

ਜ਼ਰੂਰੀ ਨਹੀਂ ਕਿ ਸੂਹਾ ਟਹਿਕਦਾ,
ਗੁਲਾਬ ਹੀ 'ਜਿੱਤ' ਹੈ,
ਕਈ ਵਾਰੀ ਵਿਵਰਜਿਤ 'ਫੁੱਲ',
ਪੋਸਤ ਦਾ ਵੀ,
ਆਪਣੀ ਬਾਤ ਕਹਿੰਦਾ ਹੈ।

## ਰੁਜ਼ਗਾਰ

ਮੇਰਿਆਂ ਹੋਠਾਂ 'ਤੇ ਰੁਕ ਗਈ,
ਹੈ ਮੇਰੀ ਆਪਣੀ ਆਵਾਜ਼।
ਕਿਸ ਸਪੇਰੇ ਕੀਲਿਆ ਹੈ,
ਮੇਰੀਆਂ ਅਣਖਾਂ ਦਾ ਨਾਗ।
ਸੁਪਨਿਆਂ ਦੀ ਰੇਤ,
ਜੇ ਕਿਰਦੀ ਤਾਂ ਕੋਈ ਗ਼ਮ ਨਹੀਂ ਸੀ,
ਕਿਰ ਗਿਆ ਸਾਲਮ ਸਬੂਤਾ,
ਆਪ ਹੀ ਮੈਂ ਸੁਪਨ-ਸਾਜ਼।

## ਰੰਗ

ਕੋਰਾ ਸਾਂ ਉੱਕਾ ਹੀ ਮੈਂ ਤਾਂ,
ਤੈਥੋਂ ਪਹਿਲਾਂ।
ਤੇਰੇ ਰੰਗ ਨੂੰ ਸਾਂਭ ਰਿਹਾ ਹਾਂ,
ਤੇਰੇ ਮਗਰੋਂ।
ਜਦ ਮਨ ਚਾਹਿਆ,
ਵੇਖ ਵੇਖ ਕੇ ਆਪਣੀ ਝੋਲੀ,
ਚਿੱਤ ਪਰਚਾਊਂ।
ਏਸ ਰੰਗ ਤੋਂ ਬਿਨਾ ਹੋਰ ਰੰਗ,
ਕੀਹ ਕਰਨਾ ਹੈ ?

## ਬੇਚੈਨੀ

ਬਿਨਾ ਵਜ੍ਹਾ ਹੀ ਧੁੱਪ ਲੜਦੀ ਹੈ।
ਕੰਡਿਆਂ ਵਾਗੂੰ ਚੁਭ ਰਹੀਆਂ,
ਸੂਰਜ ਦੀਆਂ ਕਿਰਨਾਂ।
ਮਹਿਫ਼ਲ ਦੇ ਵਿਚ ਹੱਸਦੇ ਲੋਕੀਂ,
ਫਿੱਕੇ ਜਾਪਣ।
ਮੇਲੇ ਦੇ ਵਿਚ ਕੱਲ-ਮੁ-ਕੱਲਾ,
ਜੀਕਣ ਗੁੰਗਾ ਬਾਲ ਗੁਆਚਾ।
ਨਾ ਸਿਰਨਾਵਾਂ ਖ਼ਤ ਵਾਗੂੰ ਮੱਥੇ ਤੇ ਜੜਿਆ।
ਪਤਾ ਨਹੀਂ,
ਮੈਨੂੰ ਕੀਹ ਲੜਿਆ ਹੈ ?
ਘਰ ਵਿਚ ਉੱਕਾ ਜੀਅ ਨਹੀਂ ਲੱਗਦਾ।
ਗੱਲ ਗੱਲ ਉੱਤੇ,
ਖਿਝ ਜਾਂਦਾ ਹਾਂ।

# ਰਿਸ਼ਤੇ

ਮੈਂ ਜਿਸ ਛਿਣ ਦੀ ਗੱਲ ਕਰਦਾ ਹਾਂ,
ਉਸ ਨਾਲ ਮੇਰੇ ਪੁਰਖ਼ਿਆਂ ਦਾ ਇਤਿਹਾਸ ਜੁੜਿਆ ਹੈ।
ਖਿਡੌਣਾ!
ਜਿਸ ਨਾਲ ਮੈਂ ਜਨਮ ਤੋਂ ਲੈ ਕੇ ਅੱਜ ਤੀਕ ਪਰਚਿਆ ਹਾਂ,
ਉਨ੍ਹਾਂ ਨੇ 'ਵਗਾਹ' ਕੇ ਰਾਵੀ 'ਚ ਸੁੱਟਿਆ ਸੀ।
ਖ਼ਾਲੀ ਪੀਪਿਆਂ ਦਾ ਸ਼ੋਰ,
ਉਦੋਂ ਨਾਲੋਂ ਹੁਣ ਹੋਰ ਤੇਜ਼ ਹੈ।
ਬੱਸ ਫੇਰ ਵੀ ਕੇਵਲ ਹੱਸ ਛੱਡੀਦਾ ਹੈ।
ਰੁਜ਼ਗਾਰ ਦੀ ਝਾਂਜਰ ਛਣਕਣ ਨਾਲ,
ਸਾਡੇ ਪੈਰ ਤਾਲ ਦੇਂਦੇ ਹਨ।
ਤਾਂ ਹੀ ਮੈਂ ਇਸ ਛਿਣ ਦੀ ਗੱਲ ਨਹੀਂ ਕਰਦਾ।
ਪੁਰਖਿਆਂ ਨਾਲ ਰਿਸ਼ਤੇ ਤਾਂ,
ਕੇਵਲ ਜਨਮ ਤੀਕਣ ਸਨ।

# ਮੱਧਸ਼੍ਰੇਣੀ

ਨਾ ਕਾਵਾਂ ਵਿਚ ਹੀ ਰਹੇ,
ਨਾ ਹੰਸਾਂ ਵਿਚ ਹੀ ਰਲ਼ੇ,
ਕੇਹੇ ਨਿੱਖੜੇ ਹਾਂ ਯਾਰੋ,
ਡਾਰ 'ਚੋਂ ਆਪਾਂ।
ਘੁਮਿਆਰ ਦੇ ਚੱਕ ਉੱਤੇ,
ਮਿੱਟੀ ਨੂੰ ਵੀ ਰੂਪ ਮਿਲੇ,
ਵਕਤਾਂ ਦੇ ਪਹੀਏ 'ਤੇ,
ਅਨਘੜ ਹੀ ਪਏ ਆਪਾਂ।

## ਸੰਕੇਤ

ਸੰਭਲ ਜਾਓ !
ਰੁੱਤ ਗਰਭਵਤੀ ਹੈ।
ਕੌਣ ਨਹੀਂ ਜਾਣਦਾ ?
ਜਣੇਪਾ-ਘੜੀਆਂ ਤੰਗ ਹੁੰਦੀਆਂ ਨੇ,
ਕੀ ਪਤਾ ਆਉਣ ਵਾਲਾ ਕੌਣ ਹੋਵੇ ?
ਬੰਦਾ ਬਹਾਦਰ ਜਾਂ ਬਾਬਾ ਦੀਪ ਸਿੰਘ।
ਸੰਭਲ ਜਾਉ !
ਰੁੱਤ ਗਰਭਵਤੀ ਹੈ।

## ਸਾਂਝ

ਬਹੁਤ ਪੁਰਾਣੀ ਗੱਲ ਨੇ,
ਮਨ ਨੂੰ ਆ ਮੱਲਿਆ ਹੈ।
ਦੋਸਤੀਆਂ ਦੀਆਂ ਯਾਦਾਂ ਨੂੰ,
ਜਦ ਸਿਰ 'ਤੇ ਚੁੱਕ ਕੇ,
ਭੱਜੇ ਫਿਰਦੇ,
ਥੱਕਦੇ ਨਹੀਂ ਸਾਂ।
ਹੁਣ ਵਿਗੜਨ 'ਤੇ,
ਉਹੀਓ ਗੱਲ ਕੁਝ ਇੰਜ ਲੱਗਦੀ ਹੈ।
ਜੀ ਕੂੰ ਮੇਰੇ ਸਿਰ 'ਤੇ ਬੈਠਾ,
ਕਈ ਸਦੀਆਂ ਦਾ ਭਾਰ ਪੁਰਾਣਾ।

## ਭਰਮ

ਉਹ ਮੇਰਾ ਪ੍ਰਛਾਵਾਂ ਹੋਊ,
ਤੇਰੇ ਘਰ ਦੇ ਬਾਹਰ ਖੜ੍ਹਾ,
ਮੈਂ ਤਾਂ ਆਪਣੇ ਘਰ ਵੀ ਯਾਰਾ,
ਕਈ ਦਿਨ ਹੋ ਗਏ ਵੜਿਆ ਨਹੀਂ।

## ਸੱਚ

ਜੋ ਸੁਣਨੋਂ ਤੂੰ ਝਿਜਕੇਂ,
ਉਹ ਹੀ ਸੱਚ ਵਰਗਾ ਹੈ।
ਸੱਚ ਕੋਈ 'ਸ਼ਸਤਰ' ਨਹੀਂ ਭਾਵੇਂ,
ਪਰ ਇਹ 'ਵਾਰ' ਕਰਨ ਦਾ,
ਸਭ ਤੋਂ ਵਧੀਆ ਢੰਗ ਹੈ।

## ਆਸ

ਅਹੁ ਕਾਲੀ ਚਿਮਨੀ ਦਾ ਧੂੰਆਂ,
ਮੇਰਾ ਰੰਗ ਬਦਰੰਗ ਕਰੀ ਜਾ ਰਿਹੈ।
ਕਦੇ ਤਾਂ ਵਕਤ ਆਵੇਗਾ,
ਜਦੋਂ ਮੈਂ ਮੈਲ ਦੀ ਤਹਿ ਨੂੰ ਵੀ,
ਹਿੱਕ ਤੋਂ ਖ਼ੁਰਚ ਦੇਵਾਂਗਾ।

## ਰੁਟੀਨ

ਰੋਜ਼ ਵਾਂਗ ਹੀ,
ਅੱਜ ਦਾ ਦਿਨ ਵੀ,
ਹੱਥਾਂ ਦੇ ਵਿਚ ਮਰ ਜਾਣਾ ਹੈ।
ਬਿਨ ਅਫ਼ਸੋਸ ਚਿਖ਼ਾ ਸੜ ਬਲ ਕੇ,
ਬੁਝ ਜਾਣੀ ਹੈ।
ਰਾਖ਼ ਦੀ ਗਠੜੀ ਨੂੰ,
ਵਿਰਲਾਪਾਂ ਦੀ ਸਿੱਲ੍ਹ ਚੜ੍ਹਨੀ।
ਬੀਤ ਗਏ ਦੀ ਯਾਦ ਪੁਰਾਣੀ,
ਜਦ ਆਉਣੀ ਹੈ,
ਚੇਤੇ ਕਰਕੇ ਰੋ ਛੱਡਣਾ ਹੈ।
ਕੱਲ੍ਹ ਵਾਗੂੰ ਫਿਰ ਅੱਜ ਦਾ ਦਿਨ ਵੀ,
ਹੱਥਾਂ ਵਿਚੋਂ ਕਿਰ ਜਾਣਾ ਹੈ।

●

❑

## ਗ਼ਜ਼ਲ

ਗੁਆਚੇ ਯਾਰ ਸਾਰੇ ਸ਼ਹਿਰ ਵਿਚ ਕਿਸਨੂੰ ਬੁਲਾਵਾਂਗਾ।
ਮੈਂ ਕਿਸੇ ਕੋਲ ਜਾ ਕੇ ਆਪਣੀ ਵਿਥਿਆ ਸੁਣਾਵਾਂਗਾ।

ਮੈਂ ਸਾਰੀ ਰਾਤ ਅੱਥਰੇ ਸੁਪਨਿਆਂ ਨੂੰ ਟਾਲਦਾ ਰਹਿੰਨਾਂ,
ਪਤਾ ਹੈ, ਸਾਂਭ ਕੇ ਇਨ੍ਹਾਂ ਨੂੰ ਮੈਂ ਤਾਂ ਬਿਖ਼ਰ ਜਾਵਾਂਗਾ।

ਜੇ ਰਾਤਾਂ ਕਾਲੀਆਂ ਏਦਾਂ ਹੀ ਰਹੀਆਂ ਹੋਰ ਕੁਝ ਰਾਤਾਂ,
ਮੈਂ ਕੀਕਣ ਚਾਨਣੀ ਵਿਚ ਫ਼ਲਣ ਵਾਲਾ ਬਿਰਖ਼ ਲਾਵਾਂਗਾ।

ਮੈਂ ਬਚਪਨ ਵਿਚ ਕਦੀ ਜਦ ਬੰਟਿਆਂ ਤੇ ਚੋਟ ਲਾਉਂਦਾ ਸਾਂ,
ਨਹੀਂ ਸਾਂ ਜਾਣਦਾ ਏਦਾਂ ਹੀ ਮੈਂ ਵੀ ਤਿੜਕ ਜਾਵਾਂਗਾ।

ਤੁਸੀਂ ਐਵੇਂ ਹੀ ਤਾੜੀ ਮਾਰ ਕੇ ਨਾ ਗੱਲ ਗੁਆ ਦੇਣੀ,
ਜਦੋਂ ਮੈਂ ਆਪਣੇ ਮੱਥੇ 'ਚ ਖੁਭੇ ਕਿੱਲ ਗਿਣਾਵਾਂਗਾ।

ਗੁਆਚੇ ਚਿਹਰਿਓ ! ਆਓ ! ਤੁਹਾਨੂੰ ਘਰ ਨੂੰ ਲੈ ਚੱਲਾਂ,
ਨਹੀਂ ਤਾਂ ਆਪ ਵੀ ਮੈਂ ਰੌਲਿਆਂ ਵਿਚ ਗਰਕ ਜਾਵਾਂਗਾ।
●

❑

## ਗ਼ਜ਼ਲ

ਪੈੜਾਂ ਤੇ ਕੁਝ ਰਿਸ਼ਤੇ ਨਵੇਂ ਨਵੇਲੇ।
ਇਕਲਾਪੇ ਵਿਚ ਇਹੀਓ ਸਾਥ ਸੁਹੇਲੇ।

ਭਟਕ ਚੁਕੇ ਆਂ ਅਸੀਂ ਬੜਾ ਈ ਪਹਿਲਾਂ,
ਖਾਣ ਨੂੰ ਆਉਂਦੇ ਹੁਣ ਤਾਂ ਜੂਹਾਂ ਬੇਲੇ।

ਮੋਇਆ ਦਾ ਗ਼ਮ ਸਿੱਲ੍ਹਾ ਸਿਰ ਤੇ ਚੁੱਕ ਕੇ,
ਜਾਗਦਿਆਂ ਦੇ ਸੁਪਨੇ ਗਏ ਤਰੇਲੇ।

ਤੇਰੇ ਕਿਉਂ ਹੋਠਾਂ ਤੇ ਚੁੱਪ ਦਾ ਜੰਦਰਾ,
ਨਾਗ ਜ਼ਰੀਲਾ ਮੁਸਕਣੀਆਂ ਸੰਗ ਖੇਲ੍ਹੇ।

ਨਾ ਰੋ ਐਵੇਂ ਬੀਤ ਗਿਆ ਕਰ ਚੇਤੇ,
ਨਾ ਹੁਣ ਐਵੇਂ ਟੱਕਰਾਂ ਮਾਰ ਕੁਵੇਲੇ।

●

❑

## ਗ਼ਜ਼ਲ

ਗਰਦ ਚੜ੍ਹੀ ਅਸਮਾਨੇ ਰਾਤਾਂ ਕਾਲ਼ੀਆਂ।
ਮਾਵਾਂ ਪੁੱਤ ਗਵਾ ਲਏ ਪੁੱਤਾਂ ਵਾਲ਼ੀਆਂ।

ਸਿਖ਼ਰ ਦੁਪਹਿਰਾ ਸਿਰ 'ਤੇ ਕਾਂਬਾ ਕਹਿਰ ਦਾ,
ਦੋਹਾਂ 'ਚੋਂ ਕਿਸ ਰੁੱਤ ਨੂੰ ਦੇਵਾਂ ਗਾਲ਼ੀਆਂ।

ਪਾਲ਼ੇ ਠਰ ਕੇ ਰਾਤ ਮੁਸਾਫ਼ਿਰ ਮਰ ਗਿਆ,
ਹੁਣ ਕਿਉਂ ਲੋਥ ਸਿਰ੍ਹਾਣੇ ਅੱਗਾਂ ਬਾਲ਼ੀਆਂ।

ਆਰ ਪਾਰ ਪਈ ਮਹਿਕ ਕਰੇ ਅਠਖੇਲੀਆਂ,
ਕਾਹਨੂੰ ਵਿਚ ਵਿਚਾਲ਼ੇ ਲਾਈਆਂ ਜਾਲ਼ੀਆਂ।

ਪੇਟ ਵਜਾ ਕੇ ਭੁੱਖੇ ਗਾ ਕੇ ਰੱਜ ਗਏ,
ਦੇਣ ਤਸੱਲੀ ਆਈਆਂ ਜਦ ਨੂੰ ਥਾਲ਼ੀਆਂ।

ਰਾਤੀਂ ਖ਼ਬਰੇ ਕੌਣ ਸੁਨਾਉਣੀ ਦੇ ਗਿਆ,
ਬੋਹੜਾਂ ਦੇ ਪੱਬ ਡੋਲਣ ਖਿੜਕਣ ਟਾਹ੍ਲੀਆਂ।

ਜਾਦੂਗਰ ਦੀ ਸਾਜ਼ਿਸ਼ ਨਾ ਕੋਈ ਸਮਝਦਾ,
ਐਵੇਂ ਭੀੜ ਵਜਾਈ ਜਾਵੇ ਤਾਲ਼ੀਆਂ।

ਫੁੱਲਾਂ ਦਾ ਰੰਗ ਲਾਲ ਬਣੇਗਾ ਅੰਤ ਨੂੰ,
ਭਾਵੇਂ ਇਨ੍ਹਾਂ ਥੱਲੇ ਹਰੀਆਂ ਡਾਲ਼ੀਆਂ।

●

❑

## ਗ਼ਜ਼ਲ

ਬੜਾ ਚਿਰ ਜੀਅ ਲਿਆ ਮੈਂ ਪਿੰਡ ਦਿਆਂ ਰੁੱਖਾਂ ਤੋਂ ਡਰ ਡਰ ਕੇ।
ਪਤਾ ਨਹੀਂ ਕਿੰਜ ਸਾਂ ਜ਼ਿੰਦਾ ਅਨੇਕਾਂ ਵਾਰ ਮਰ ਮਰ ਕੇ।

ਕਿਸੇ ਨੂੰ ਕੀ ਪਤਾ ਸੀ ਮਘ ਪਵੇਗੀ ਰਾਖ਼ 'ਚੋਂ ਏਦਾਂ,
ਜੋ ਆਪਾਂ ਠਾਰ ਦਿੱਤੀ ਅੱਗ ਬਰਫ਼ਾਂ ਹੇਠ ਧਰ ਧਰ ਕੇ।

ਇਹ ਦਿਲ ਦਰਿਆ ਨਹੀਂ ਸੀ ਨਹਿਰ ਵੀ ਲਹਿਰਾਂ ਵਿਹੂਣੀ ਸੀ,
ਇਹ ਜਾਦੂ ਮੇਲ ਦਾ ਕਿ ਵਗ ਰਿਹਾਂ ਕੰਢਿਆਂ ਤੋਂ ਭਰ ਭਰ ਕੇ।

ਤੂੰ ਜਿਸ ਦਿਨ ਮੇਰਿਆਂ ਹੋਠਾਂ 'ਤੋਂ ਮੇਰੀ ਬਾਤ ਖੋਹੀ ਸੀ,
ਮੈਂ ਉਸ ਦਿਨ ਬਹੁਤ ਰੋਇਆ ਆਪਣੇ ਪਰਛਾਵੇਂ ਤੋਂ ਡਰ ਡਰ ਕੇ।

ਮੈਂ ਤੈਥੋਂ ਵਿਛੜ ਕੇ ਸਮਝਾਂ ਜਿਵੇਂ ਮੈਂ ਬਹੁਤ ਭਟਕਾਂਗਾ,
ਮੈਂ ਦਿਲ ਨੂੰ ਸਾਂਭਨਾਂ ਵਾਂ ਤੇਰੀਆਂ ਗੱਲਾਂ ਨੂੰ ਕਰ ਕਰ ਕੇ।

ਇਹ ਮੇਰਾ ਸੀਸ ਐਵੇਂ ਦਰ-ਬ-ਦਰ ਨਹੀਂ ਭਟਕਦਾ ਫਿਰਦਾ,
ਇਹ ਝੁਕਿਆ ਜਦ ਵੀ ਝੁਕਿਆ ਸਿਰਫ਼ ਝੁਕਿਆ ਤੇਰੇ ਘਰ ਕਰਕੇ।

●

❑

## ਗ਼ਜ਼ਲ

ਮੇਰੀ ਆਵਾਜ਼ ਪਰਤ ਕੇ ਆਈ ਨਾ ਮੇਰੇ ਕੋਲ।
ਕਾਹਨੂੰ ਤੂੰ ਐਵੇਂ ਵੇਖਨੈਂ ਭੁੱਬਲ ਨੂੰ ਫੋਲ ਫੋਲ।

ਜਸ਼ਨਾਂ 'ਚ ਰੁੱਝੇ ਲੋਕ ਨੇ ਤੇ ਬਲ਼ ਰਿਹਾ ਹਾਂ ਮੈਂ,
ਵੱਜਦੇ ਨਗਾਰੇ ਤੂਤੀਆਂ ਪਏ ਖੜਕਦੇ ਨੇ ਢੋਲ।

ਤੇਰੀ ਇਹ ਬਲਦੀ ਮੁਸਕਣੀ ਮੇਰੇ ਸਿਵੇ ਦੀ ਲਾਟ,
ਕੰਬਦੀ ਆਵਾਜ਼ ਵਾਂਗਰਾਂ ਕਿੱਦਾਂ ਰਹੀ ਏ ਡੋਲ।

ਪੈਂਡੇ ਦੋਹਾਂ ਦੇ ਘਟਣ ਦੀ ਥਾਂ ਵਧ ਰਹੇ ਨੇ ਹੋਰ,
ਜਿੰਨਾਂ ਵੀ ਦੋਵੇਂ ਆ ਰਹੇ ਆਂ ਖ਼ੁਦ ਦੇ ਕੋਲ ਕੋਲ।

ਕਿੰਨਾ ਅਜੀਬ ਹਾਦਸਾ ਕਿ ਮਰ ਗਿਆ ਹਾਂ ਮੈਂ,
ਦੁਸ਼ਮਣ ਤਾਂ ਖ਼ਾਲੀ ਹੱਥ ਸੀ ਹਥਿਆਰ ਮੇਰੇ ਕੋਲ।
●

❑

## ਗ਼ਜ਼ਲ

ਯਾਦਾਂ ਦੇ ਹਵਾਲੇ ਜਿੰਦ ਕੀਤਿਆਂ ਨਾ ਸਰੇ।
ਕੌਣ ਜਾ ਬੇਗਾਨੇ ਗਮ ਸਾਗਰਾਂ 'ਚ ਤਰੇ।

ਕਾਹਦਾ ਪਛਤਾਵਾ ਜੜ੍ਹੋਂ ਆਪ ਹੀ ਤਾਂ ਪੁੱਟੇ,
ਭਰਮਾਂ ਦੇ ਰੁੱਖ ਕਦੇ ਹੋਣੇ ਨਹੀਂ ਸੀ ਹਰੇ।

ਮੋਮ ਦਾ ਸਾਂ ਬੁੱਤ ਮੈਂ ਤਾਂ ਫਸਿਆ ਕੁਥਾਵੇਂ,
ਸੋਚਦਾ ਸਾਂ ਅੱਗ ਤੋਂ ਮੈਂ ਹੋਵਾਂ ਕਿੰਜ ਪਰੇ।

ਰੋਕ ਲੈ ਤੂੰ ਅੱਖਾਂ ਤੋਂ ਪਿਛਾਂਹ ਹੀ ਦਰਿਆ,
ਰੋੜ੍ਹ ਹੀ ਨਾ ਦੇਵੇ ਮੈਨੂੰ ਹਠ ਤੋਂ ਇਹ ਪਰੇ।

ਠੀਕ ਹੈ ਜੇ ਦੋਵੇਂ ਹੀ ਨਾ ਤੋੜ ਤੀਕ ਨਿਭੇ,
ਠੀਕ ਹੈ ਜੇ ਦੋਵੇਂ ਨਾ ਹੀ ਜਿੱਤੇ ਨਾ ਹੀ ਹਰੇ।

ਖੋਟ ਦੇ ਜ਼ਮਾਨੇ ਵਿਚ ਹੋਣੀ ਸੀ ਅਖ਼ੀਰ,
ਫ਼ਿਰਦੇ ਗਵਾਚੇ ਦੋਵੇਂ ਸਿੱਕੇ ਆਪਾਂ ਖ਼ਰੇ।

ਹਵਾ ਹੱਥ ਭੇਜੀਂ ਨਾ ਤੂੰ ਚੇਤਿਆਂ ਦੀ ਡਾਕ,
ਵਾਪਸੀ ਬੇਰੰਗ ਚਿੱਠੀ ਮੁੜੂ ਤੇਰੇ ਘੇਰੇ।
●

❏

## ਗ਼ਜ਼ਲ

ਦਿਨ ਭਰ ਜਿਹੜੀ ਰਾਤ ਉਡੀਕਾਂ ਰਾਤ ਪਏ ਘਬਰਾਵਾਂ।
ਸਮਝ ਨਹੀਂ ਆਉਂਦੀ ਅੰਨ੍ਹੇ ਖੂਹ 'ਚੋਂ ਕਿੱਧਰ ਨੂੰ ਮੈਂ ਜਾਵਾਂ।

ਓਸ ਕੁੜੀ ਨੂੰ ਹੁਣ ਹੱਥਾਂ ਦੀ ਮਹਿੰਦੀ ਤੋਂ ਡਰ ਲੱਗੇ,
ਜੀਹਦਾ ਕੰਤ ਜਹਾਜ਼ੇ ਚੜ੍ਹਿਆ ਲੈ ਕੇ ਚਾਰ ਕੁ ਲਾਵਾਂ।

ਬੰਦਿਆਂ ਦਾ ਇਤਬਾਰ ਭਲਾ ਮੈਂ ਕੀ ਕਰਦਾ ਇਸ ਰੁੱਤੇ,
ਰੁੱਖਾਂ ਨਾਲ ਖਲੋਤਾ ਮੈਂ ਹਾਂ ਜਾਂ ਪੱਤ ਵਿਰਲਾ ਟਾਵਾਂ।

ਕੱਲ੍ਹ ਤਿਰਕਾਲੀਂ ਡੁੱਬਦਾ ਸੂਰਜ ਜਾਪ ਰਿਹਾ ਸੀ ਏਦਾਂ,
ਜੀਕਣ ਸਾਮੀ ਘੇਰੀ ਹੋਵੇ, ਸਾਡੇ ਪਿੰਡ ਦੇ ਸ਼ਾਹਵਾਂ।

ਕੱਲ੍ਹ ਦਰਿਆ ਸੀ ਚਾਰ ਚੁਫ਼ੇਰੇ ਵਿਚ ਖਲੋਤਾ ਮੈਂ ਸਾਂ,
ਅੱਜ ਮੈਂ ਉਹਦੀ ਰੇਤ 'ਚ ਪੋਟਾ ਪੋਟਾ ਧਸਦਾ ਜਾਵਾਂ।

ਆਪਣੇ ਸ਼ਹਿਰ ਪਰਾਇਆਂ ਵਾਗੂੰ ਰੁੱਖ ਘੂਰਦੇ ਮੈਨੂੰ,
ਸ਼ਹਿਰ ਬੇਗਾਨੇ ਦੇ ਵਿਚ ਮੈਨੂੰ ਬੁੱਤ ਵੀ ਕਰਦੇ ਛਾਵਾਂ।

ਇਹ ਤਾਂ ਇਕ ਦਿਨ ਹੋਣੀ ਹੀ ਸੀ, ਬਹੁਤ ਉਡੀਕ ਰਿਹਾ ਸਾਂ,
ਹਾਦਸਿਆਂ ਵਿਚ ਨਕਸ਼ ਗੁਆ ਕੇ ਹੁਣ ਕਾਹਨੂੰ ਪਛਤਾਵਾਂ।

ਤੇਰੀ ਧੁੱਪ ਮੁਬਾਰਕ ਤੈਨੂੰ ਤੇਰੀ ਛਾਂ ਤੇਰੀ ਵੀ ਤੈਨੂੰ,
ਮੈਨੂੰ ਬਹੁਤ ਗੁਜ਼ਾਰੇ ਜੋਗਾ ਆਪਣਾ ਹੀ ਪਰਛਾਵਾਂ।
●

❑

## ਗ਼ਜ਼ਲ

ਕਰਕੇ ਜਿੰਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ ਰੋ ਪਿਆ।
ਉਨ੍ਹਾਂ ਸਵੇਰੇ ਉੱਠਦਿਆਂ ਬੂਹਾ ਹੀ ਢੋ ਲਿਆ।

ਇਹ ਉਮਰ ਜਿੰਨ੍ਹਾਂ ਵਾਸਤੇ ਰੱਖਣੀ ਸੀ ਰਾਖਵੀਂ,
ਉਨ੍ਹਾਂ ਨੇ ਸਾਡਾ ਰਾਤ ਦਿਨ ਹੁਣ ਤੋਂ ਹੀ ਖੋਹ ਲਿਆ।

ਦੁਸ਼ਮਣ ਤਾਂ ਦੁਸ਼ਮਣ ਹੈਣ ਹੀ ਯਾਰਾਂ ਨੂੰ ਕੀ ਕਹਾਂ,
ਸਾਰੇ ਦੇ ਸਾਰੇ ਸਾਜ਼ਿਸ਼ੀ ਸਭ ਨੂੰ ਹੈ ਟੋਹ ਲਿਆ।

ਜਿਸਨੂੰ ਮੈਂ ਲੱਭ ਰਿਹਾ ਸਾਂ ਢੱਕ ਕੇ ਜਿਸਮ ਆਪਣਾ,
ਰੌਲੇ 'ਚੋਂ ਕਿਸਨੇ ਮੈਥੋਂ ਮੇਰਾ ਚਿਹਰਾ ਖੋਹ ਲਿਆ।

ਵਗਦੀ ਹਵਾ ਦੇ ਕੰਨ ਵਿਚ ਖ਼ਵਰੇ ਤੂੰ ਕੀ ਕਿਹਾ,
ਉਹ ਲਿਪਟ ਗਈ ਮੈਨੂੰ ਜਦੋਂ ਮੈਂ ਤੇਰਾ ਨਾਂ ਲਿਆ।

ਕਾਹਦੇ ਗਿਲੇ ਸ਼ਿਕਾਇਤਾਂ ਜੇ ਨਾ ਮਿਲੇ ਤਾਂ ਕੀਹ,
ਏਨਾ ਬਹੁਤ ਹੈ ਦਰਦ ਦਾ ਮੈਂ ਗੀਤ ਛੋਹ ਲਿਆ।

●

❑

## ਗ਼ਜ਼ਲ

ਤੇਰੀ ਦੋਸਤੀ ਦੀ ਮਹਿਕ ਤਾਂ ਸਾਹਾਂ 'ਚ ਭਰ ਗਈ।
ਤੇਰਾ ਹੀ ਮਣਕਾ ਫੇਰਦੇ ਉਮਰ ਹੈ ਲੰਘ ਰਹੀ।

ਤੇਰੀ ਉਡੀਕ ਕਰਦਿਆਂ ਖ਼ੁਰਿਆ ਮੇਰਾ ਵਜੂਦ,
ਆ ਕੇ ਕਦੇ ਤਾਂ ਪੁੱਛ ਲੈ ਕਿੱਦਾਂ ਗੁਜ਼ਰ ਰਹੀ।

ਜੀਂਦੇ ਹੀ ਰਹਿਣਗੇ ਸਦਾ ਕੁਝ ਪਲ ਉਹ ਮਹਿਕਦੇ,
ਕੀ ਹੋ ਗਿਆ ਜੇ ਦੋਸਤੀ ਰੰਗੋਂ ਬਦਲ ਗਈ।

ਇਹ ਆਮ ਅੱਗ ਤੋਂ ਵਧਕੇ ਹੈ ਪਰਚੰਡ ਮੇਰੇ ਯਾਰ,
ਅਗਨੀ ਜੋ ਸਾਡੇ ਜ਼ਿਹਨ ਵਿਚ ਯਾਦਾਂ ਦੀ ਬਲ਼ ਰਹੀ।

ਨਾਤੇ ਦੀ ਭੁੱਖ ਸਹਾਰਨੀ ਔਖੀ ਹੈ ਦੋਸਤਾ,
ਕਿੱਦਾਂ ਕਹਾਂ ਮੈਂ ਯਾਰ ਦੀ ਯਾਰੀ ਬਦਲ ਗਈ।

●

❑

## ਗ਼ਜ਼ਲ

ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ ਵਿਚ ਉੱਗੀਆਂ ਛਾਵਾਂ ਨਾਲ।
ਕਦਮ ਮਿਲਾ ਕੇ ਜਿੰਨ੍ਹਾਂ ਤੁਰਨਾ ਭਰ ਵਗਦੇ ਦਰਿਆਵਾਂ ਨਾਲ।

ਅੱਜ ਤੇਰੇ ਮੂੰਹ ਜੀਭ ਨਹੀਂ ਹੈ ਚਿਹਰਾ ਵੀ ਉਪਰਾਮ ਹੈ ਕਿਉਂ?
ਤੇਰੀ ਤਾਂ ਸੀ ਬਹਿਣੀ ਉੱਠਣੀ ਅੱਗ ਵਰ੍ਹੌਂਦੀਆਂ 'ਵਾਵਾਂ ਨਾਲ।

ਧਰਤ, ਸਮੁੰਦਰ, ਦਰਿਆ, ਸਹਿਰਾ, ਹੰਝੂਆਂ ਦਾ ਵੀ ਮੀਂਹ ਵਰ੍ਹਦੈ,
ਪੋਟਾ ਪੋਟਾ ਵਿੰਨ੍ਹਿਆਂ ਦਿਲ ਹੈ ਹੌਂਕੇ ਬਲਦੀਆਂ ਆਹਵਾਂ ਨਾਲ।

ਸ਼ੀਸ਼ੇ ਸਨਮੁਖ ਰੋਜ਼ ਖਲੋ ਕੇ ਮੇਰਾ ਬੁੱਤ ਘਬਰਾਉਂਦਾ ਹੈ,
ਆਪਣਾ ਆਪ ਪਕੜਨਾ ਚਾਹਵੇ ਥੱਕੀਆਂ ਥੱਕੀਆਂ ਬਾਹਵਾਂ ਨਾਲ।

ਦਿੱਲੀ ਦੱਖਣ ਗਾਹੁਣ ਮਗਰੋਂ ਘਰ ਵਿਚ ਆਣ ਖਲੋ ਜਾਈਏ,
ਛਾਵਾਂ ਖ਼ਾਤਰ ਜੁੜ ਜਾਂਦੇ ਹਾਂ ਨਿੱਕੀਆਂ ਨਿੱਕੀਆਂ ਥਾਵਾਂ ਨਾਲ।

ਮੰਜ਼ਿਲ ਤਾਂ ਸੀ ਟੇਢੀ ਮੇਢੀ ਉਂਞ ਵੀ ਸੀ ਵੀਰਾਨ ਜਹੀ,
ਐਵੇਂ ਯਾਰੋ ਪਰਚ ਗਏ ਆਂ ਸਿੱਧ-ਮ-ਸਿੱਧੀਆਂ ਰਾਹਵਾਂ ਨਾਲ।

ਰਾਤ, ਹਨ੍ਹੇਰੀ, ਬੱਦਲ, ਕਣੀਆਂ ਗੜ੍ਹੇਮਾਰ ਸੰਗ, ਤੇਜ਼ ਹਵਾ,
ਪੱਕੀਆਂ ਫ਼ਸਲਾਂ ਕੌਣ ਉਡੀਕੇ ਏਨੇ ਦੁਸ਼ਮਣ ਚਾਵਾਂ ਨਾਲ।

ਧਰਤੀ ਮਾਂ ਹੈ ਸੋਨ-ਚਿੜੀ ਹੈ ਪਤਾ ਨਹੀਂ ਇਹ ਕੀ ਕੀ ਹੈ?
ਬੇਘਰ ਵਿਧਵਾ ਜਾਣੀ ਜਾਵੇ ਰੰਗ-ਬਰੰਗੇ ਨਾਵਾਂ ਨਾਲ।

●

❏

## ਗ਼ਜ਼ਲ

ਇਕ ਬਦਲੋਟੀ ਤੁਰਦੀ ਜਾਂਦੀ ਥਲ ਨੂੰ ਇਕ ਪਲ ਠਾਰ ਗਈ।
ਸਦੀਆਂ ਦੀ ਤੜਫਾਹਟ ਕੰਡਾ ਅਣਖ਼ਾਂ ਵਾਲਾ ਮਾਰ ਗਈ।

ਬੰਜਰ ਧਰਤੀ ਰੇਤਲ ਟਿੱਬੇ ਪੁੰਗਰਿਆ ਸੀ ਆਸ ਦਾ ਬੀਜ,
ਪਾਣੀ ਤੋਂ ਬਿਨ ਬੱਦਲੀ ਐਵੇਂ, ਗੱਲੀਂ ਬਾਤੀਂ ਸਾਰ ਗਈ।

ਹਿੱਕ 'ਚ ਰਹਿ ਗਏ ਹੌਕੇ, ਹਾਵੇ, ਸੁੱਤੀਆਂ ਆਸਾਂ ਰਾਂਗਲੀਆਂ,
ਜਾਂਦੀ ਹੋਈ ਰਾਤ ਕੁਲਹਿਣੀ ਐਸਾ 'ਨੇਰ੍ਹ ਪਸਾਰ ਗਈ।

ਸਾਡੇ ਪਿੰਡ ਦੇ ਚਿਹਰੇ 'ਤੇ ਉਦਰੇਵਾਂ ਆ ਕੇ ਬੈਠ ਗਿਆ,
ਬੋਹੜਾਂ ਤੇ ਪਿੱਪਲਾਂ ਦੀ ਰੌਣਕ ਜਦ ਤੋਂ ਰਾਵੀ ਪਾਰ ਗਈ।

ਸ਼ਹਿਰਾਂ ਵਾਲੀ ਅੱਗ ਨਾ ਕਿਧਰੇ ਸਾਡੀਆਂ ਜੂਹਾਂ ਘੇਰ ਲਵੇ,
ਡਰਦੀ ਮਾਰੀ ਉੱਡ ਕੇ ਏਥੋਂ ਏਸੇ ਲਈ ਹੀ ਡਾਰ ਗਈ।

ਰਣ-ਖੇਤਰ ਵਿਚ ਖ਼ੂਬ ਲੜੇ ਹਾਂ, ਹੋਰ ਲੜਾਂਗੇ ਰੀਝਾਂ ਲਈ,
ਕੀ ਹੋਇਆ ਜੇ ਬੇਹਥਿਆਰੀ ਫਿਰ ਸਾਡੀ ਧਿਰ ਹਾਰ ਗਈ।
●

❑

## ਗ਼ਜ਼ਲ

ਖ਼ੁਦਕੁਸ਼ੀ ਹੀ ਖ਼ੁਦਕੁਸ਼ੀ ਬੱਸ ਖ਼ੁਦਕੁਸ਼ੀ।
ਕੌਣ ਪਾਗਲ ਚਾਹੇਗਾ ਇਹ ਜ਼ਿੰਦਗੀ।

ਚੌਂਕ ਦੇ ਬੁੱਤ ਅੱਖ ਨੀਵੀਂ ਕਰ ਲਈ,
ਰੋਜ਼ ਵੇਖੇ ਇਹ ਵੀ ਸਾਡੀ ਬੁਜ਼ਦਿਲੀ।

ਤਾਰ ਉੱਤੇ ਤੁਰ ਰਹੇ ਹਾਂ ਰਾਤ ਦਿਨ,
ਕੋਹਾਂ ਲੰਮੀ ਮੌਤ ਵਰਗੀ ਜ਼ਿੰਦਗੀ।

ਭੀੜ ਦਾ ਹਿੱਸਾ ਬਣਾਂ ਤਾਂ ਜਾਪਦੈ,
ਬਣ ਗਿਆ ਹਾਂ ਆਪਣੇ ਘਰ ਅਜਨਬੀ।

ਪਿੰਡ ਜਾ ਕੇ ਇਸ ਤਰ੍ਹਾਂ ਮਹਿਸੂਸਦਾਂ,
ਸ਼ਹਿਰ ਸਾਡੀ ਖਾ ਰਹੇ ਨੇ ਸਾਦਗੀ।

ਜ਼ਿੰਦਗੀ ਅਖ਼ਬਾਰ ਤਾਂ ਨਹੀਂ ਦੋਸਤੋ,
ਵਾਚਦੇ ਹੋ ਏਸ ਨੂੰ ਵੀ ਸਰਸਰੀ।

●

❑

## ਗ਼ਜ਼ਲ

ਵਗਦਾ ਦਰਿਆ ਓਸ ਕੰਢੇ ਸਾਰੇ ਖੰਡਰ ਯਾਦ ਨੇ।
ਬਚਪਨੇ ਵਿਚ ਜੋ ਉਸਾਰੇ ਕਾਗ਼ਜ਼ੀ ਘਰ ਯਾਦ ਨੇ।

ਇੱਕ ਦਰਿਆ ਪਾਰ ਕਰਕੇ ਦੂਸਰੇ ਕੰਢੇ ਖਲੋ,
ਪਰਤਦੇ ਯਾਰਾਂ ਦੀਆਂ ਅੱਖਾਂ ਤੇ ਅੱਥਰ ਯਾਦ ਨੇ।

ਚਰਖ਼ੜੀ ਤੇ ਰਾਤ ਦਿਨ ਬੇਸ਼ੱਕ ਅਸਾਡਾ ਬੀਤਿਆ,
ਨਿੱਕੇ ਨਿੱਕੇ ਚਾਅ ਕੁਆਰੇ ਹਾਲੇ ਤੀਕਰ ਯਾਦ ਨੇ।

ਪਹਿਲੇ ਖ਼ਤ ਤੋਂ ਬਾਅਦ ਭਾਵੇਂ ਤੂੰ ਕਦੇ ਲਿਖਿਆ ਨਹੀਂ,
ਉਹ ਪੁਰਾਣੇ ਜਗਦੇ ਬੁਝਦੇ ਸਾਰੇ ਅੱਖਰ ਯਾਦ ਨੇ।

ਦੋਸਤਾਂ ਦੇ ਕੀਮਤੀ ਤੋਹਫ਼ੇ ਮੈਂ ਕਿੱਦਾਂ ਭੁੱਲ ਜਾਂ,
ਤਾਅਨੇ, ਮਿਹਣੇ, ਤੁਹਮਤਾਂ ਸਾਰੇ ਹੀ ਨਸ਼ਤਰ ਯਾਦ ਨੇ।

ਸ਼ਹਿਰ ਦੇ ਜ਼ੰਗਾਲ ਨੇ ਰੂਹਾਂ ਨੂੰ ਭਾਵੇਂ ਖਾ ਲਿਆ,
ਛੋਲਿਆਂ ਦੇ ਖੇਤ ਨੂੰ ਚੁਗਦੇ ਕਬੂਤਰ ਯਾਦ ਨੇ।

ਡੇਰਾ ਬਾਬਾ ਨਾਨਕੋਂ ਕੋਠੇ ਤੇ ਚੜ੍ਹ ਕੇ ਦਿਸਣ ਜੋ,
ਜਿਸਮ ਨਾਲੋਂ ਕਤਰ ਕੇ ਸੁੱਟੇ ਗਏ ਪਰ ਯਾਦ ਨੇ।

●

❑

## ਗ਼ਜ਼ਲ

ਸਿਖ਼ਰ ਦੁਪਹਿਰੇ ਕਾਂ-ਅੱਖ ਨਿਕਲੇ ਤੇ ਮੂੰਹ ਜ਼ੋਰ ਹਵਾਵਾਂ ਹੁਣ।
ਆਲ ਦੁਆਲੇ ਬਲ਼ਦਾ ਥਲ ਹੈ ਕਿੱਥੇ ਕਦਮ ਟਿਕਾਵਾਂ ਹੁਣ।

ਜਿਸਮ ਝੁਲਸਿਆ ਚਿੱਤ ਘਾਬਰਦਾ ਸਾਹ ਵੀ ਬੇ-ਇਤਬਾਰੇ ਨੇ,
ਤਪਦਿਆਂ ਤਾਈਂ ਠਾਰਦੀਆਂ ਨਾ ਹੁਣ ਰੁੱਖਾਂ ਦੀਆਂ ਛਾਵਾਂ ਹੁਣ।

ਇਹ ਵੀ ਇਕ ਇਤਫ਼ਾਕ ਸਮਝ ਲਈਂ ਏਨੀ ਹਸਤੀ ਬਚ ਗਈ ਜੇ,
ਅਪਣੇ ਵਲੋਂ ਖ਼ੁਰਾ-ਖੋਜ ਤਾਂ ਮੇਟ ਗਈਆਂ ਘਟਨਾਵਾਂ ਹੁਣ।

ਇਸ ਮਹਿਫ਼ਲ ਵਿਚ ਕੌਣ ਸੁਣੇਗਾ ਕੋਇਲਾਂ ਕੀ ਕੂਹ ਕੂ ਨੂੰ ਫੇਰ,
ਅੱਜ ਦੀ ਏਸ ਸੰਗੀਤ ਸਭਾ ਵਿਚ ਗੀਤ ਸੁਨਾਉਣੇ ਕਾਵਾਂ ਹੁਣ।

ਨਿੱਕੀਆਂ ਨਿੱਕੀਆਂ ਘਟਨਾਵਾਂ ਨੇ ਭੰਨਿਆ, ਤੁੰਬਿਆ ਏਦਾਂ ਮਨ,
ਮੈਂ ਤਾਂ ਯਾਰੋ ਭੁੱਲ ਗਿਆ ਹਾਂ ਅਪਣਾ ਹੀ ਸਿਰਨਾਵਾਂ ਹੁਣ।

ਨਾ ਜੀਂਦੇ ਨਾ ਮੋਇਆਂ ਅੰਦਰ ਦੋ-ਚਿੱਤੀ ਨੇ ਘੇਰ ਲਿਆ,
ਕਿੱਥੇ ਤੀਕ ਪੁਚਾ ਛੱਡਿਆ ਏ ਵੱਢਿਆਂ ਟੁੱਕਿਆਂ ਚਾਵਾਂ ਹੁਣ।
●

❏

## ਗ਼ਜ਼ਲ

ਅੱਧੀ ਰਾਤੀਂ ਗੋਲੀ ਚੱਲੀ ਵਰਤ ਗਈ ਚੁੱਪ-ਚਾਨ।
ਖ਼ਾਲੀ ਸੜਕਾਂ ਛਾਤੀ ਪਿੱਟਣ ਹੌਕੇ ਭਰਨ ਮਕਾਨ।

ਸਾਰੇ ਘਰ ਨੇਰ੍ਹੇ ਵਿਚ ਡੁੱਬੇ ਜਗਦਾ ਨਾ ਕੋਈ ਦੀਵਾ,
ਕੀਕਣ 'ਕੱਲ੍ਹਾ ਬਾਹਰ ਜਾਵਾਂ ਲੈ ਕੇ ਆਪਣੀ ਜਾਨ।

ਧਰਤੀ ਤੇ ਕੁਰਲਾਹਟ ਪਈ ਹੈ ਕੌਣ ਸੁਣੇ ਅਰਜ਼ੋਈ,
ਸਾਡੀਆਂ ਕਣਕਾਂ ਦਾ ਰਖ਼ਵਾਲਾ ਹੈ ਸਰਕਾਰੀ ਸਾਨ੍ਹ।

ਘੋੜ-ਸਵਾਰ ਬੰਦੂਕਾਂ ਵਾਲੇ ਮੱਲ ਖਲੋਤੇ ਬੂਹੇ,
ਅੰਦਰ ਬਾਹਰ ਲੈਣ ਤਲਾਸ਼ੀ ਅਣਸੱਦੇ ਮਹਿਮਾਨ।

ਉੱਚੀ ਕੰਧ ਨਾਲ ਟਕਰਾ ਕੇ ਸਾਡੀਆਂ ਕੂਕਾਂ ਮੁੜੀਆਂ,
ਕਿਲ੍ਹੇ ਦੇ ਅੰਦਰ ਗੂੰਜ ਰਿਹਾ ਸੀ ਅਪਣਾ ਕੌਮੀ-ਗਾਨ।

ਡੁੱਲ੍ਹੇ ਖ਼ੂਨ ਦਾ ਲੇਖਾ-ਜੋਖਾ ਕੌਣ ਕਰੇਗਾ ਯਾਰੋ,
ਕਲਮਾਂ ਦੇ ਵੱਲ ਘੂਰ ਰਿਹਾ ਏ ਚੁੱਪ ਕੀਤਾ ਆਸਮਾਨ।

●

❑

## ਗ਼ਜ਼ਲ

ਕਿਹੋ ਜਿਹਾ ਸ਼ਹਿਰ ਜਿੱਥੇ ਧੁੱਪ ਹੈ ਨਾ ਛਾਂ ਹੈ।
ਚੱਤੇ ਪਹਿਰ ਮੌਸਮਾਂ ਦਾ ਇੱਕੋ ਜਿਹਾ ਨਾਂ ਹੈ।

ਨਵੀਂ ਤਹਿਜ਼ੀਬ ਜਿਸ ਜਿਸ ਨੂੰ ਮਧੋਲਿਆ,
ਉਨ੍ਹਾਂ ਅੰਗ-ਮਾਰਿਆਂ 'ਚ ਮੇਰਾ ਵੀ ਗਿਰਾਂ ਹੈ।

ਗਲੀਆਂ ਮੁਹੱਲਿਆਂ ਨੂੰ ਸੱਪ ਕੇਹਾ ਸੁੰਘਿਆ,
ਰੌਣਕਾਂ ਗੁਆਚ ਗਈਆਂ ਫ਼ੈਲੀ ਚੁੱਪ-ਚਾਂ ਹੈ।

ਜ਼ਿੰਦਗੀ ਖ਼ਾਮੋਸ਼ ਹੈ ਉਦਾਸ ਗੀਤ ਵਾਂਗਰਾਂ,
ਸੁਰਾਂ ਨਾਲ ਜ਼ੋਰ ਅਜ਼ਮਾਈ ਕਰੇ ਕਾਂ ਹੈ।

ਭੁੱਖ ਦੀ ਸਤਾਈ ਪਈ ਗੰਦਗੀ ਫ਼ਰੋਲਦੀ,
ਜਿਹਨੂੰ ਅਸੀਂ ਆਖਦੇ ਹਾਂ ਗਾਂ ਸਾਡੀ ਮਾਂ ਹੈ।
●

❑

## ਗ਼ਜ਼ਲ

ਕਤਰਿਆ ਉਸ ਇਸ ਤਰ੍ਹਾਂ ਸਾਡੇ ਪਰਾਂ ਨੂੰ।
ਮੁੜਨ ਜੋਗੇ ਨਾ ਰਹੇ ਆਪਣੇ ਘਰਾਂ ਨੂੰ।

ਤਾਣ ਚਾਦਰ ਸੌਂ ਗਿਆ ਏ ਸ਼ਹਿਰ ਸਾਰਾ,
ਸਾਂਭ ਕੇ ਸੰਕੋਚ ਕੇ ਮਨ ਦੇ ਡਰਾਂ ਨੂੰ।

ਕਹਿਰ ਦਾ ਇਹਸਾਸ ਪਹਿਲੀ ਵਾਰ ਹੋਇਆ,
ਪਾਲ਼ ਵਿਚ ਗੁੰਮ ਸੁੰਮ ਖੜ੍ਹੇ ਪੱਕੇ ਘਰਾਂ ਨੂੰ।

ਪਿੰਡ ਜਾਗਣਗੇ ਸੰਭਾਲਣਗੇ ਉਹ ਮਿੱਟੀ,
ਮੁੜ ਉਸਾਰਨਗੇ ਉਹੀ ਢੱਠੇ ਘਰਾਂ ਨੂੰ।

ਕੌਣ ਕਿੱਥੇ ਹੈ ਖਲੋਤਾ ਨਾਲ ਕਿਸਦੇ,
ਫ਼ੈਸਲਾ ਸਮਿਆਂ ਨੇ ਕਰਨਾ ਆਖ਼ਰਾਂ ਨੂੰ।

●

❑

## ਗ਼ਜ਼ਲ

ਲਟ ਲਟ ਬਲ਼ਦੇ ਮੁਲਕ 'ਚ ਨੱਚਦਾ ਇਹ ਕਿੱਸਰਾਂ ਦਾ ਮੋਰ।
ਹੱਡੀਆਂ ਦੀ ਮੁੱਠ ਜਿਸਮ ਹੋ ਗਿਆ, ਫਿਰ ਵੀ ਬਾਂਕੀ ਤੋਰ।

ਸਾਉਣ-ਛੱਰਾਟੇ ਵਰ੍ਹਨ ਦੇ ਪਿੱਛੋਂ ਵਗ ਪਈ ਤੇਜ਼ ਹਨ੍ਹੇਰੀ,
ਫ਼ਸਲਾਂ ਦਾ ਲੱਕ ਟੁੱਟਿਆ ਫਿਰ ਵੀ ਸਿਰ ਤੇ ਘਟ ਘਨਘੋਰ।

ਕੁਝ ਮੌਸਮ ਦੀ ਭੇਟ ਚੜ੍ਹ ਗਿਆ ਬਾਕੀ ਜੋ ਵੀ ਬਚਿਆ,
ਦਾਣਾ ਫੱਕਾ ਹੂੰਝ ਕੇ ਲੈ ਗਏ ਰਲ ਮੰਡੀਆਂ ਦੇ ਚੋਰ।

ਇਕ ਇਕੱਲ੍ਹੇ ਕਿਰਤੀ ਪੁੱਤ ਨੂੰ ਚੂੰਡਣ ਵਾਲੇ ਕਿੰਨੇ,
ਥਾਂ ਥਾਂ ਦਫ਼ਤਰ ਚੁੰਗੀਆਂ, ਠਾਣੇ, ਹਾਕਮ, ਵੱਢੀ-ਖ਼ੋਰ।

ਦੋ ਡੰਗ ਵੀ ਨਹੀਂ ਮਿਲਦੀ ਜਿਸਨੂੰ ਢਿੱਡ ਭਰ ਰੱਜਵੀਂ ਰੋਟੀ,
ਉਹਦੀ ਅੱਖ ਵਿੱਚ ਕਿੱਥੋਂ ਆਵੇ ਜੀਵਨ ਦਾਤਾ ਲੋਰ।

ਅੰਬਰ ਦੇ ਵਿਚ ਤਰਦੀ ਹੋਈ ਕਦੇ ਵੀ ਡੁੱਬ ਸਕਦੀ ਹੈ,
ਅਪਣੀ ਗੁੱਡੀ ਦੀ ਨਾ ਜਦ ਤਕ ਆਪ ਸੰਭਾਲੂ ਡੋਰ।
●

❑

## ਗ਼ਜ਼ਲ

ਅੱਖਾਂ ਵਿਚ ਉਨੀਂਦਾ ਰੜਕੇ ਉਮਰਾਂ ਦੇ ਬਨਵਾਸ ਦਾ।
ਫੋੜਾ ਰਿਸਦਾ ਅੰਦਰ ਵੱਲ ਨੂੰ ਬੀਤ ਗਏ ਇਤਿਹਾਸ ਦਾ।

ਝੱਖੜ-ਝਾਂਜਾ ਤੇਜ਼ ਹਨ੍ਹੇਰੀ ਅੱਗ ਬਲੇ ਪਈ ਜੰਗਲ ਵਿਚ,
ਫਿਰ ਵੀ ਬੂਟਾ ਪਾਲ ਰਿਹਾ ਹਾਂ ਰੰਗ-ਬਰੰਗੀ ਆਸ ਦਾ।

ਅੱਜ ਮੇਰੇ ਨਕਸ਼ਾਂ ਤੇ ਲੀਕਾਂ ਪਾਉਣ ਵਾਲਿਉ ਸੋਚ ਲਵੋ,
ਸਮਾਂ ਆਉਣ ਤੇ ਕੌਣ ਚੁਕਾਊ ਲੇਖਾ ਰੂਹ 'ਤੇ ਲਾਸ ਦਾ।

ਜਿਹੜੇ ਫੁੱਲਾਂ ਤੇ ਰੰਗਾਂ ਦੇ ਸਿਰ ਤੇ ਧਰਤੀ ਮਾਣ ਕਰੇ,
ਉਨ੍ਹਾਂ ਨੂੰ ਅਗਨੀ ਵਿਚ ਸਾੜੇ ਬੰਦਾ ਇਹ ਹੱਡ-ਮਾਸ ਦਾ।

ਆਪਣੇ ਪਿੰਡੇ ਸੂਈ ਦੀ ਵੀ ਚੋਭ ਨਹੀਂ ਜਰ ਸਕਦੇ ਜੋ,
ਚੇਤਾ ਅੱਜ ਕਰਾਵੇ ਓਹੀ ਜ਼ਖ਼ਮਾਂ ਦੇ ਇਹਸਾਸ ਦਾ।

ਜਿਸ ਨੇ ਮੇਰੇ ਵੱਸਦੇ ਪਿੰਡ ਨੂੰ ਮਿੱਟੀ ਵਿਚ ਮਿਲਾਇਆ ਹੈ,
ਉਹ ਹੀ ਅੱਜ ਬਿਠਾ ਕੇ ਮੈਨੂੰ ਸਬਕ ਦਏ ਧਰਵਾਸ ਦਾ।

●

❑

## ਗ਼ਜ਼ਲ

ਇਸ ਦੋਸਤੀ ਦੀ ਮਹਿਕ ਤਾਂ ਸਾਹਾਂ 'ਚ ਭਰ ਗਈ।
ਤੇਰਾ ਹੀ ਮਣਕਾ ਫੇਰਦੇ ਉਮਰਾ ਹੈ ਲੰਘ ਰਹੀ।

ਤੇਰੀ ਉਡੀਕ ਕਰਦਿਆਂ ਖ਼ੁਰਿਆ ਮੇਰਾ ਵਜੂਦ,
ਆ ਕੇ ਕਦੇ ਤਾਂ ਪੁੱਛ ਲੈ ਕਿੱਦਾਂ ਗੁਜ਼ਰ ਰਹੀ।

ਜੀਂਦੇ ਹੀ ਰਹਿਣਗੇ ਸਦਾ ਕੁਝ ਪਲ ਉਹ ਮਹਿਕਦੇ,
ਕੀ ਹੋ ਗਿਆ ਜੇ ਦੋਸਤੀ ਰੰਗੋਂ ਬਦਲ ਗਈ।

ਇਹ ਆਮ ਅੱਗ ਤੋਂ ਵਧ ਕੇ ਹੈ ਪਰਚੰਡ ਮੇਰੇ ਯਾਰ,
ਅਗਨੀ ਜੋ ਸਾਡੇ ਜ਼ਿਹਨ ਵਿਚ ਯਾਦਾਂ ਦੀ ਬਲ਼ ਰਹੀ।

ਨਾਤੇ ਦੀ ਭੁੱਖ ਸਹਾਰਨੀ ਔਖੀ ਹੈ ਦੋਸਤਾ,
ਕਿੱਦਾਂ ਕਹਾਂ ਮੈਂ ਯਾਰ ਦੀ ਯਾਰੀ ਬਦਲ ਗਈ।

●

❑

## ਗ਼ਜ਼ਲ

ਜਿੰਨ੍ਹਾਂ ਜ਼ਿੰਦਗੀ ਗੁਜ਼ਾਰੀ ਵਾਵਰੋਲ਼ਿਆਂ ਦੇ ਵਾਂਗ।
ਉਨ੍ਹਾਂ ਫਿਰਨਾ ਏਂ ਸਦਾ ਕੱਖੋਂ ਹੌਲ਼ਿਆਂ ਦੇ ਵਾਂਗ।

ਜਦੋਂ ਸਹਿਕਦੇ ਸੀ ਚੁੱਪ ਦੀ ਆਵਾਜ਼ ਤਾਈਂ ਕੰਨ,
ਅਸੀਂ ਜ਼ਿੰਦਗੀ ਗੁਜ਼ਾਰੀ ਸਾਰੀ ਰੌਲ਼ਿਆਂ ਦੇ ਵਾਂਗ।

ਜਿਹੜੇ ਤਾਂਘਦੇ ਸੀ ਲੋਕ ਸਾਡੇ ਪਿੱਛੇ ਪਿੱਛੇ ਆਉਣ,
ਉਨ੍ਹਾਂ ਕੀਤਾ ਸਾਨੂੰ ਸਦਾ ਅਣਗੌਲ਼ਿਆਂ ਦੇ ਵਾਂਗ।

ਉਨ੍ਹਾਂ ਨਾਲ ਕੌਣ ਤੁਰੇ ਜਿਹੜੇ ਰਾਹਾਂ ਵਿਚੋਂ ਮੁੜੇ,
ਉਨ੍ਹਾਂ ਕੁਝ ਨਾ ਪਛਾਤਾ ਅੰਨ੍ਹੇ ਬੋਲ਼ਿਆਂ ਦੇ ਵਾਂਗ।

ਜਿੰਨ੍ਹਾਂ ਰੁੱਖਾਂ ਕੋਲ ਫ਼ਲ ਫੁੱਲ ਹਰੇ ਪੱਤ ਸਨ,
ਐਸਾ ਸੇਕਿਆ ਹਵਾ ਨੇ ਹੋਏ ਕੋਲ਼ਿਆਂ ਦੇ ਵਾਂਗ।

●

❑

## ਗ਼ਜ਼ਲ

ਮੀਲਾਂ ਦੇ ਵਿਚ ਫ਼ੈਲ ਗਈ ਹੈ ਕਾਲ਼ੇ ਰੁੱਖ ਦੀ ਛਾਂ।
ਸਾਰੇ ਚਿਹਰੇ ਭੁੱਲ ਗਏ ਨੇ ਆਪੋ ਆਪਣੇ ਨਾਂ।

ਮਾਨ-ਸਰੋਵਰ ਖ਼ਾਲਮ-ਖ਼ਾਲੀ ਲਾ ਗਏ ਹੰਸ ਉਡਾਰੀ,
ਉਨ੍ਹਾਂ ਥਾਵੇਂ ਮੋਤੀ ਚੁਗਦੇ ਕਾਲੇ ਚਿੱਟੇ ਕਾਂ।

ਅੰਨ੍ਹੀ-ਬੋਲ਼ੀ ਰਾਤ 'ਚ ਜਗਦਾ ਦੂਰ-ਦੁਰਾਡੇ ਦੀਵਾ,
ਇਹਨੂੰ ਆਪਣੇ ਘਰ ਲੈ ਆਵਾਂ ਚਿਰ ਦਾ ਸੋਚ ਰਿਹਾਂ।

ਇਹ ਜਰਨੈਲੀ ਸੜਕ ਸਲੇਟੀ ਕਬਰਾਂ ਦੇ ਵੱਲ ਜਾਂਦੀ,
ਸਿੱਧੇ ਰਾਹਾਂ ਨੂੰ ਲੱਭਦਾ ਮੈਂ ਕਿੱਥੇ ਪਹੁੰਚ ਗਿਆਂ।

ਆਦਮ-ਬੋ ਆਦਮ-ਬੋ ਕਰਦੇ ਫਿਰਨ ਸ਼ਿਕਾਰੀ ਏਥੇ,
ਖੇਤਾਂ ਤੇ ਮਲ੍ਹਿਆਂ ਦੀ ਥਾਵੇਂ ਫ਼ੈਲਣ ਸ਼ਹਿਰ ਗਿਰਾਂ।

ਫਿਰ ਕੀ ਹੋਇਆ ਜੇਕਰ ਮੇਰੀ ਰੇਤ ਉਡਾਈ ਪੌਣਾਂ,
ਕੁਝ ਚਿਰ ਪਹਿਲਾਂ ਮੈਂ ਵੀ ਤਾਂ ਭਰ ਵਗਦਾ ਦਰਿਆ ਸਾਂ।

●

❏

## ਗ਼ਜ਼ਲ

ਬੇ-ਮੌਸਮ ਬਰਸਾਤ ਮਧੋਲੀ ਫ਼ਸਲਾਂ ਦੀ ਖ਼ੁਸ਼ਬੋ।
ਸੜਕਾਂ ਉਤੇ ਚਹਿਲ-ਪਹਿਲ ਹੈ ਦਰਦ ਨਾ ਜਾਣੇ ਕੋ।

ਦਰਿਆ ਦੇ ਵਿਚ ਪਾਣੀ ਚੜ੍ਹਿਆ ਪਾਰ ਕਿਸ ਤਰ੍ਹਾਂ ਜਾਵਾਂ,
ਕਾਫ਼ੀ ਚਿਰ ਦਾ ਸੋਚ ਰਿਹਾ ਹਾਂ ਉਰਲੇ ਆਰ ਖਲੋ।

ਅੱਖਾਂ ਵਿਚ ਪਥਰਾਏ ਹੰਝੂ ਮੌਸਮ ਦੀ ਹੈ ਕਿਰਪਾ,
ਨਾ ਜੀਂਦੇ ਨਾ ਮੋਇਆਂ ਅੰਦਰ ਨਾ ਸਕਦੇ ਹਾਂ ਰੋ।

ਮਿੱਟੀ ਵਿਚ ਗੁਆਚੇ ਸੁਪਨੇ ਖੰਭ ਖੁਹਾ ਲਏ ਰੀਝਾਂ,
ਕਿਹੜਾ ਵੈਦ ਪਛਾਣੇ ਮਰਜ਼ਾਂ ਮਿਲਦੀ ਨਾ ਕਣਸੋਅ।

ਕਾਲ-ਕਲੂਟੀ ਰਾਤ ਹੈ ਸਿਰ ਤੇ ਟੋਏ-ਟਿੱਬੇ ਰਾਹ,
ਸਫ਼ਰ ਕਰਦਿਆਂ ਨਾਲ ਜਗਾਉ ਅਪਣੀ ਅਪਣੀ ਲੋਅ।

ਤੜਕਸਾਰ ਇਕ ਅਣਦਿਸ ਚਿਹਰਾ ਕੰਨਾਂ ਵਿਚ ਕਹਿ ਜਾਵੇ,
ਖੋਲ੍ਹ ਦਿਉ ਹੁਣ ਉਮਰਾਂ ਤੋਂ ਨੇ ਬੰਦ ਪਏ ਦਰ ਜੋ।
●

❏

## ਗ਼ਜ਼ਲ

ਜੂਨ ਜੁਲਾਈ ਸਿਰ ਤੇ ਬਲ਼ਦੀ।
ਰਾਹੀਆਂ ਦੀ ਕੋਈ ਪੇਸ਼ ਨਾ ਚਲਦੀ।

ਚੀਲਾਂ ਗਿਰਝਾਂ ਕੁੱਤਿਆਂ ਦੇ ਵੱਸ,
ਜ਼ਿੰਦਗੀ ਹੈ ਅੱਜ ਤਲੀਆਂ ਮਲ਼ਦੀ।

ਆਦਮ-ਖ਼ੋਰ ਆਵਾਜ਼ਾਂ ਦੇ ਵਿਚ,
ਮੇਰੀ ਤਾਂ ਬਈ ਸੁਰ ਨਾ ਰਲ਼ਦੀ।

ਏਨੀ ਧੁੱਪ ਤੋਂ ਸਹਿਮ ਗਏ ਹੋ,
ਚੇਤੇ ਹੈ ਅੱਗ ਮਾਰੂਥਲ ਦੀ।

ਇਸ ਮੌਸਮ ਵਿਚ ਚੁੱਪ ਨਾ ਬੈਠੋ,
ਏਦਾਂ ਨਹੀਂ ਮੁਸੀਬਤ ਟਲ਼ਦੀ।

ਘੇਰ ਲਉ ਵਰਮੀ ਨੂੰ ਜਾ ਕੇ,
ਨਾਗਣ ਤਾਂ ਨਿੱਤ ਜਾਵੇ ਫ਼ਲਦੀ।

ਸੱਜੇ ਖੱਬੇ ਸਿਰ ’ਤੇ ਅਗਨੀ,
ਆਸ-ਕਰੂੰਬਲ ਫਿਰ ਵੀ ਪਲ਼ਦੀ।

●

❑

## ਗ਼ਜ਼ਲ

ਰੁਕ ਰੁਕ ਤੇਜ਼ ਹਵਾ ਨਾ ਚੱਲ।
ਕਾਫ਼ਲਿਆਂ ਦਾ ਰਾਹ ਨਾ ਮੱਲ।

ਜ਼ਖ਼ਮਾਂ ਖ਼ਾਤਰ ਮਰਹਮ ਬਣ ਜਾ,
ਹੋਰ ਵਧਾ ਨਾ ਦਿਲ ਦੇ ਸੱਲ।

ਅੱਜ ਦੀ ਏਸ ਭਿਆਨਕ ਰਾਤੇ,
ਚੰਗਾ ਲੱਗਦੈ ਬੀਤਿਆ ਕੱਲ੍ਹ।

ਹਰ ਮੀਟੀ ਮੈਂ ਹਾਰ ਗਿਆ ਹਾਂ,
ਜਿੱਤ ਦਾ ਕੋਈ ਸੁਨੇਹਾ ਘੱਲ।

ਤੁਰਦਾ ਤੁਰਦਾ ਏਸ ਪੜਾਅ ਤੇ,
ਪਹੁੰਚ ਗਿਆ ਏ ਦਿਲ ਦਾ ਝੱਲ।

ਸੱਚੋ ਸੱਚ ਇਹ ਦੱਸ ਦੇ ਤੂੰ ਹੈਂ,
ਦੁਸ਼ਮਣ ਵੱਲ ਜਾਂ ਮੇਰੇ ਵੱਲ।

ਮਸਾਂ ਮਸਾਂ ਅੱਜ ਲਾਟ ਬਣੀ ਹੈ,
ਧੁਖ਼ਦੀ ਧੁਖ਼ਦੀ ਦਿਲ ਦੀ ਗੱਲ।

ਤੂੰ ਤੇ ਮੈਂ ਜੇ ਰਲ਼ ਮਿਲ਼ ਜਾਈਏ,
ਬੀਤਿਆ, ਅੱਜ ਤੇ ਸਾਡਾ ਕੱਲ੍ਹ।

●

❏

## ਗ਼ਜ਼ਲ

ਹਰ ਸੀਸ ਤੇਗ ਹੇਠਾਂ ਹਰ ਜਿਸਮ ਆਰਿਆਂ 'ਤੇ।
ਇਹ ਕਿਸ ਤਰ੍ਹਾਂ ਦਾ ਮੌਸਮ ਆਇਆ ਹੈ ਸਾਰਿਆਂ 'ਤੇ।

ਪੈਰਾਂ 'ਚ ਝਾਂਜਰਾਂ ਨੇ ਬੇਚੈਨ ਆਂਦਰਾਂ ਨੇ,
ਨੱਚਦੇ ਹਾਂ ਨਾਚ ਕਿਹੜਾ ਕਿਸਦੇ ਇਸ਼ਾਰਿਆਂ 'ਤੇ।

ਵਰ੍ਹਿਆਂ ਤੋਂ ਸਾਂਭਿਆ ਹੈ ਜਿਸ ਚਾਨਣੀ ਦਾ ਸੁਪਨਾ,
ਕਿੰਨੀ ਕੁ ਦੇਰ ਹਾਲੇ ਪਰਚਾਂਗੇ ਲਾਰਿਆਂ 'ਤੇ।

ਹਰ ਬੋਲ ਉੱਤੇ ਪਹਿਰਾ ਵੀਰਾਨ ਜਿੰਦੂ ਸਹਿਰਾ,
ਹੈ ਸਾਜ਼ਿਸ਼ੀ ਕਰੋਪੀ ਛੰਨਾਂ ਤੇ ਢਾਰਿਆਂ 'ਤੇ।

ਮਿਲ ਕੇ ਹੀ ਜਰ ਸਕਾਂਗੇ ਉਹ ਹਾਦਿਸੇ ਨੂੰ ਆਪਾਂ,
ਡਿੱਗੀ ਜੇ ਬਿੱਜ ਕੋਈ ਬਰਫ਼ਾਂ ਦੇ ਠਾਰਿਆਂ 'ਤੇ।

ਕਿੱਧਰ ਨੂੰ ਕੋਈ ਜਾਵੇ ਕਿੱਧਰ ਤੋਂ ਕੋਈ ਆਵੇ,
ਹਰ ਸੜਕ ਚੌਂਕ ਗਲੀਆਂ ਪਹਿਰੇ ਨੇ ਸਾਰਿਆਂ 'ਤੇ।

ਇਹ ਰਾਤ ਦੀ ਸਿਆਹੀ ਹੱਡਾਂ 'ਚ ਬਹਿ ਨ ਜਾਵੇ,
ਗਰਮਾਓ ਸਰਦ ਜੁੱਸੇ ਰੱਖ ਕੇ ਅੰਗਾਰਿਆਂ 'ਤੇ।

ਇਹ ਜ਼ਿੰਦਗੀ ਹੈ ਯਾਰੋ ਕੋਈ ਵਾਰਤਾ ਨਹੀਂ ਹੈ,
ਚੱਲਦੀ ਰਹੂ ਜੋ ਆਪੇ ਢਿੱਲੇ ਹੁੰਗਾਰਿਆਂ 'ਤੇ।

●

❏

## ਗ਼ਜ਼ਲ

ਜੇ ਮੂੰਹੋਂ ਬੋਲਦੀ ਸ਼ੀਰੀਂ ਗ਼ਜ਼ਲ ਦੀ ਬਹਿਰ ਦੇ ਵਾਂਗੂੰ।
ਤਾਂ ਹੋ ਜਾਣਾ ਸੀ ਖ਼ੁਦ ਫ਼ਰਹਾਦ ਨੇ ਵੀ ਨਹਿਰ ਦੇ ਵਾਂਗੂੰ।

ਮੈਂ ਉਸ ਨੂੰ ਲੱਭਦਾ ਲੱਭਦਾ ਆਪ ਕਿਧਰੇ ਗੁੰਮ ਹੋ ਚੱਲਿਆਂ,
ਕਿਤੇ ਤਾਂ ਮਿਲ ਪਵੇ ਮੱਥੇ ਦੀ ਘੂਰੀ ਕਹਿਰ ਦੇ ਵਾਂਗੂੰ।

ਉਦ੍ਹੀ ਇਕ ਯਾਦ ਦਾ ਪੱਲੂ ਹੀ ਬਣਿਆ ਆਸਰਾ ਮੇਰਾ,
ਨਹੀਂ ਤਾਂ ਜ਼ਿੰਦਗੀ ਹੋ ਜਾਣੀ ਸੀ ਇਹ ਜ਼ਹਿਰ ਦੇ ਵਾਂਗੂੰ।

ਜਦੋਂ ਸੀ ਕੋਲ ਮੇਰੇ ਜਾਪਦੀ ਬਲ਼ਦੀ ਹੋਈ ਸ਼ਮ੍ਹਾਂ,
ਜਦੋਂ ਨਿੱਖੜੀ ਤਾਂ ਜਾਪੀ ਉਹ ਸਰਾਪੇ ਸ਼ਹਿਰ ਦੇ ਵਾਂਗੂੰ।

ਕਿਵੇਂ ਉਹਨੂੰ ਕਲਾਵੇ ਵਿਚ ਭਰਨ ਦਾ ਹੌਸਲਾ ਕਰਦਾ,
ਹਵਾ ਦਾ ਜਿਸਮ ਸੀ ਪਾਣੀ ਦੇ ਉਤਲੀ ਲਹਿਰ ਦੇ ਵਾਂਗੂੰ।

ਉਹ ਮੈਨੂੰ ਝੁਲਸ ਕੇ ਕਰ ਗਈ ਹਵਾਲੇ ਸ਼ਾਮ ਗੂੜ੍ਹੀ ਦੇ,
ਮਿਲੀ ਸੀ ਜ਼ਿੰਦਗੀ ਦੇ ਮੋੜ ’ਤੇ ਦੋਪਹਿਰ ਦੇ ਵਾਂਗੂੰ।

ਹੁਲਾਰਾ ਪੀਂਘ ਦਾ ਮੈਂ ਉਸ ਦਾ ਨਾਮ ਰੱਖ ਦਿੱਤਾ ਹੈ,
ਮਿਲੀ ਜੋ ਜ਼ਿੰਦਗੀ ਵਿਚ ਇਕ ਘੜੀ ਸੀ ਕਹਿਰ ਦੇ ਵਾਂਗੂੰ।

●

❑

## ਗ਼ਜ਼ਲ

ਸਾਡੇ ਘਰ ਨੂੰ ਤੀਲੀ ਲਾ ਗਏ ਬਹੁ-ਰੰਗੇ ਅਖ਼ਬਾਰ।
ਅੰਨ੍ਹੇ-ਕਾਣੇ ਫਿਰਨ ਘੁਮਾਉਂਦੇ ਦੋਧਾਰੀ ਤਲਵਾਰ।

ਨਾ ਅੰਬਰ ਤੋਂ ਬਿਜਲੀ ਡਿੱਗੀ ਨਾ ਕੋਈ ਹੋਰ ਚੁੜੇਲ,
ਬਿਟ ਬਿਟ ਝਾਕੇ ਕੰਧ 'ਤੇ ਬੈਠੀ ਖੰਭ-ਸੜਿਆਂ ਦੀ ਡਾਰ।

ਮਾਂ ਪਿਉ ਜਾਏ ਬਣੇ ਪਰਾਏ ਵੰਡਿਆ ਧਰਤੀ ਅੰਬਰ,
ਵਿਸ਼-ਵਣਜਾਰਿਆਂ ਲੀਕਾਂ ਪਾ ਕੇ ਦਿੱਤਾ ਕਹਿਰ ਗੁਜ਼ਾਰ।

ਅੰਦਰੋਂ ਕੁੰਡੀ ਲਾ ਕੇ ਸੁੱਤੇ ਵੈਦ-ਧਨੰਤਰ ਸਾਰੇ,
ਆਪਣੇ ਆਪ ਤਾਂ ਲਹਿ ਨਾ ਸਕਣਾ ਡਾਢਾ ਤੇਜ਼ ਬੁਖ਼ਾਰ।

ਮੌਸਮ ਸਿਰ ਇਲਜ਼ਾਮ ਲਗਾ ਕੇ ਕੰਢੇ 'ਤੇ ਜਾ ਬੈਠੇ,
ਚਿੱਟੇ ਲੀੜਿਆਂ ਵਾਲੇ ਮੇਰੇ ਵੰਨ ਸੁਵੰਨੇ ਯਾਰ।

ਗਲੀਆਂ ਚੌਂਕ ਚੁਰਸਤੇ ਸੜਕਾਂ ਸੁੰਨ ਮ-ਸੁੰਨੀਆਂ ਹੋਈਆਂ,
ਦਫ਼ਾ-ਚੁਤਾਲੀ ਧੌਣ ਪੰਜਾਲੀ ਜੇ ਰਲ ਬੈਠਣ ਚਾਰ।

ਏਦਾਂ ਗਰਕ ਗਰਕ ਕੇ ਯਾਰੋ ਬਾਕੀ ਰਹਿ ਕੀ ਜਾਊ,
ਵਧਦੀ ਗਈ ਜੇ ਏਦਾਂ ਆਪਣੇ ਗਰਕਣ ਦੀ ਰਫ਼ਤਾਰ।

●

❑

## ਗ਼ਜ਼ਲ

ਅੱਧੀ ਰਾਤੇ ਜਦ ਕੋਈ ਤਾਰਾ ਟੁੱਟੇ ਤਾਂ।
ਮੈਨੂੰ ਜਾਪੇ ਮੈਂ ਹੀ ਕਿਤਿਓਂ ਤਿੜਕ ਗਿਆਂ।

ਖਾਂਦੀ ਖਾਂਦੀ ਖਾ ਜਾਏਗੀ ਮੈਨੂੰ ਰਾਤ,
ਅੱਖ ਪਲਕਾਰੇ ਵਿਚ ਮੈਂ ਕਿੰਨਾ ਬਦਲ ਗਿਆਂ।

ਜਿਸ ਨੂੰ ਰੋਜ਼ ਉਡੀਕਦੇ ਹਾਂ ਦਿਨ ਚੜ੍ਹਦੇ ਤੋਂ,
ਢਿੱਲਾ ਜੇਹਾ ਮੂੰਹ ਲੈ ਆਉਂਦੈ ਦਿਨ ਢਲਿਆਂ।

ਮੱਥੇ ਵਿਚਲੀ ਤਲਬ ਜਹੀ ਤੜਫ਼ਾਉਂਦੀ ਹੈ,
ਸੌਂ ਜਾਵੇਗੀ ਇਕ ਅੱਧ ਬੁਰਕੀ ਦੇ ਮਿਲਿਆਂ।

ਰਾਹਾਂ ਦੇ ਵਿਚ ਖ਼ੁਰ ਚੱਲਿਆ ਸੀ ਮੇਰਾ ਤਨ,
ਤੈਨੂੰ ਚੇਤੇ ਕਰਕੇ ਏਨਾ ਵੀ ਬਚਿਆਂ।

ਕਦੇ ਕਦੇ ਇਹ ਅਣਖ਼ ਜਹੀ ਤੰਗ ਕਰਦੀ ਏ,
ਆਪਣੀ ਜਾਚੇ ਭਾਵੇਂ ਕਿੰਨਾ ਸੁਧਰ ਗਿਆਂ।

ਉਹਨੂੰ ਜੇਕਰ ਮੇਟ ਸਕੇਂ ਤਾਂ ਮੇਟ ਲਵੀਂ,
ਮੈਂ ਜਿਹੜੇ ਵਰਕੇ ਦਾ ਗੂੜ੍ਹਾ ਅੱਖਰ ਹਾਂ।

ਉਸ ਦਾ ਕੰਮ ਹੈ ਬਲਣਾ ਉਸ ਨੂੰ ਬਲਣ ਦਿਉ,
ਉਹ ਤਾਂ ਸੂਰਜ ਹੈ ਮੈਂ ਸੂਰਜ ਥੋੜ੍ਹਾ ਹਾਂ।

●

❑

## ਗ਼ਜ਼ਲ

ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ ਚਾਰ-ਚੁਫ਼ੇਰਾ ਹੈ।
ਇਹਦਾ ਮਤਲਬ ਇਹ ਤਾਂ ਨਹੀਂ ਕਿ ਹੋਇਆ ਸੋਨ-ਸਵੇਰਾ ਹੈ।

ਚੰਡੀਗੜ੍ਹ ਦੇ ਜੰਡ, ਕਰੀਰਾਂ ਸੜਕਾਂ ਕੋਲ ਤਾਂ ਚਾਨਣ ਹੈ,
ਸਾਡੇ ਪਿੰਡ ਦੇ ਅੰਦਰ ਬਾਹਰ ਕਾਲ਼ਾ ਘੋਰ-ਹਨ੍ਹੇਰਾ ਹੈ।

ਔੜ ਪਏ ਜਾਂ ਮਾਰ ਦਏ ਫਿਰ ਬੇਮੌਸਮ ਬਰਸਾਤ ਜਹੀ,
ਰੋਜ਼ ਦਿਹਾੜੀ ਮਰ ਮਰ ਜੀਣਾ ਸਾਡੇ ਪਿੰਡ ਦਾ ਜੇਰਾ ਹੈ।

ਪੁਰਖ਼ਿਆਂ ਨੇ ਤਲਵਾਰ, ਢਾਲ਼ ਦੇ ਨਾਲ ਕਦੇ ਜੋ ਜਿੱਤਿਆ ਸੀ,
ਓਸ ਕਿਲ੍ਹੇ ਵਿਚ ਅੱਜ ਕੱਲ੍ਹ ਲੱਗਿਆ ਵਿਸ਼-ਕੰਨਿਆ ਦਾ ਡੇਰਾ ਹੈ।

ਹੋਰ ਕਿਸੇ ਸੁਕਰਾਤ ਦੀ ਖ਼ਾਤਰ ਜ਼ਹਿਰ ਪਿਆਲਾ ਸਾਂਭ ਲਵੋ,
ਮੈਨੂੰ ਤਾਂ ਬੱਸ ਏਸੇ ਜੀਵਨ ਦਾ ਹੀ ਜ਼ਹਿਰ ਬਥੇਰਾ ਹੈ।

ਮੇਰੀ ਹੋਂਦ ਕਬੂਲ ਕਰੋਗੇ ਇਕ ਦਿਨ ਐਸਾ ਆਵੇਗਾ,
ਮੈਂ ਭਾਵੇਂ ਇਕ ਬਿੰਦੂ ਹਾਂ ਪਰ ਹਰ ਬਿੰਦੂ ਦਾ ਘੇਰਾ ਹੈ।

ਜਿੱਥੇ ਕਿਧਰੇ ਚੀਕਾਂ ਤੇ ਕੁਰਲਾਹਟਾਂ ਦੀ ਆਵਾਜ਼ ਸੁਣੇ,
ਹਰ ਬਸਤੀ, ਘਰ, ਸ਼ਹਿਰ, ਦੇਸ਼ ਤੇ ਹਰ ਧੁਖਦਾ ਪਿੰਡ ਮੇਰਾ ਹੈ।

●

❑

## ਗ਼ਜ਼ਲ

ਅਖ਼ਬਾਰਾਂ 'ਚ ਰੋਜ਼ਾਨਾ, ਮਰਿਆਂ ਦੀ ਖ਼ਬਰ ਲੱਗੇ।
ਜ਼ਹਿਰੀਲੀ ਹਵਾ ਦਾ ਹੀ, ਹਰਫ਼ਾਂ ਤੇ ਅਸਰ ਲੱਗੇ।

ਦੀਵਾਰਾਂ ਨੇ ਸਭ ਪਾਸੇ, ਨਾ ਬੂਹਾ ਨਾ ਬਾਰੀ ਹੈ,
ਅੰਬਰ ਵੱਲ ਝਾਕਦਿਆਂ, ਖੁੱਲ੍ਹਾ ਇੱਕ ਦਰ ਲੱਗੇ।

ਧੁੱਪਾਂ ਤੋਂ ਕਣੀਆਂ ਤੋਂ, ਜਿਸ ਛਤਰੀ ਬਚਾਉਣਾ ਸੀ,
ਉਸ ਕੱਪੜੇ ਸਣੇ ਤਾਰਾਂ, ਮੈਨੂੰ ਜਾਲ਼ ਤੋਂ ਡਰ ਲੱਗੇ।

ਇਹ ਵਕਤ ਭਲਾ ਕੈਸਾ, ਸਿਰ ਉੱਤੇ ਹੈ ਆਣ ਖੜ੍ਹਾ,
ਪਾਣੀ ਤੇ ਅਗਨ ਸਣੇ, ਸਾਹਾਂ ਤੇ ਵੀ ਕਰ ਲੱਗੇ।

ਕਤਰਨ ਨੂੰ ਖੰਭ ਮੇਰੇ, ਫਿਰ ਲੈ ਕੇ ਆਏ ਨੇ,
ਕੈਂਚੀ ਵੀ ਉਹ ਜਿਸਨੂੰ, ਸੋਨੇ ਦੇ ਨੇ ਪਰ ਲੱਗੇ।

ਸੋਚਾਂ ਦੀ ਹਨ੍ਹੇਰੀ ਵਿਚ, ਮੈਂ ਖਿੱਲਰ ਗਿਆਂ ਏਦਾਂ,
ਬੂਹੇ 'ਤੇ ਖਲ੍ਹੋਤਿਆਂ ਵੀ, ਸੌ ਮੀਲ ਤੇ ਘਰ ਲੱਗੇ।

ਤਲੀਆਂ ਤੇ ਸੀਸ ਟਿਕਾ, ਇਹ ਕੌਣ ਕਿਵੇਂ ਕਿਹੜੇ,
ਧੂੰਏਂ 'ਚ ਗੁਆਚ ਗਏ, ਇਹ ਕਿਸਦੇ ਮਗਰ ਲੱਗੇ?
●

❑

## ਗ਼ਜ਼ਲ

ਚੇਤੇ 'ਚੋਂ ਨਹੀਂ ਜਾਂਦੀ ਮੇਰੇ ਪਿਛਲੇ ਪਿੰਡ ਦੀ ਨਹਿਰ।
ਹੱਡਾਂ ਦੇ ਵਿਚ ਰਚਦਾ ਨਾ ਇਹ ਓਪਰਿਆਂ ਦਾ ਸ਼ਹਿਰ।

ਸਿਰ ਤੇ ਛਤਰੀ ਤਾਣ ਲਵਾਂ ਜੇ ਧੁੱਪ ਤੋਂ ਡਰਦਾ ਮਾਰਾ,
ਚੁਭਦੀ ਜਾਨ ਵਲੂੰਧਰਦੀ ਹੈ ਫਿਰ ਵੀ ਸਿਖ਼ਰ ਦੁਪਹਿਰ।

ਰੁੱਖਾਂ ਦੇ ਪਰਛਾਵੇਂ ਮੇਰੇ ਘਰ ਤੀਕਣ ਨਾ ਆਉਂਦੇ,
ਸੂਰਜ ਸਾਜ਼ਿਸ਼ ਕਰ ਲੈਂਦਾ ਹੈ ਕਿੱਡਾ ਵੱਡਾ ਕਹਿਰ।

ਹੁਣ ਲੋਹੜੇ ਦਾ ਮੀਂਹ ਆਵੇਗਾ ਰੁੱਖ ਡੋਲਦੇ ਵੇਖੋ,
ਅੰਬਰ ਦੇ ਨੈਣਾਂ 'ਚੋਂ ਦਿਸਦੀ ਸੁਰਮੇ-ਰੰਗੀ ਗਹਿਰ।

ਅਣਦੇਖੇ ਦੁਸ਼ਮਣ ਦਾ ਚਿਹਰਾ ਮੁੜ ਘਿੜ ਨਜ਼ਰੀਂ ਆਵੇ,
ਪਤਾ ਨਹੀਂ ਕੀ ਸੁਪਨਾ ਆਵੇ ਰਾਤ ਦੇ ਪਿਛਲੇ ਪਹਿਰ।

ਅਧਮੋਏ ਦਫ਼ਤਰ ਵਿਚ ਹੋਏ ਸੁੱਤ-ਉਨੀਂਦੇ ਲੋਕੀਂ,
ਸਹਿਕਦਿਆਂ ਨੂੰ ਖ਼ੋਰੀ ਜਾਵੇ ਚਾਕਰੀਆਂ ਦਾ ਜ਼ਹਿਰ।

ਕੱਲ੍ਹ-ਕਲੋਤਰ ਸ਼ਾਇਦ ਮੈਂ ਵੀ, ਪਾਣੀ ਵਿਚ ਵਹਿ ਜਾਵਾਂ,
ਕੱਲ੍ਹੀ ਕੀਕਣ ਤੁਰ ਸਕਦੀ ਏ ਪਾਣੀ ਉਤੇ ਲਹਿਰ।
●

❑

# ਗ਼ਜ਼ਲ

ਹਾੜ੍ਹ-ਮਹੀਨਾ ਸਿਖ਼ਰ-ਦੁਪਹਿਰਾ ਤੇਜ਼ ਹਵਾ।
ਵੇਂਹਦੇ ਵੇਂਹਦੇ ਸਾਵਾ ਰੁੱਖ ਸੀ ਝੁਲਸ ਗਿਆ।

ਰਾਤਾਂ ਦੇ ਜਗਰਾਤੇ ਕੱਟ ਕੇ ਜੋ ਬੁਣਿਆ,
ਨੇੜੇ ਆਇਆ ਸੁਪਨਾ ਹੱਥੋਂ ਤਿਲਕ ਗਿਆ।

ਸੀਟੀ ਮਾਰ ਜਗਾਉਂਦਾ ਸੀ ਜੋ ਪਿੰਡ ਸਾਰਾ,
ਪਹਿਰੇਦਾਰ ਪਤਾ ਨਹੀਂ ਕਿੱਥੇ ਗਰਕ ਗਿਆ।

ਜਿਸ ਦੀ ਸ਼ੂਕਰ ਦਿੱਲੀ-ਤਖ਼ਤ ਡਰਾਉਂਦੀ ਸੀ,
ਅੱਥਰਾ ਦਰਿਆ ਕਿਹੜੇ ਟਿੱਬਿਆਂ ਡੀਕ ਲਿਆ।

ਦਰਿਆਵਾਂ ਦੇ ਵਹਿਣ ਅਜੇ ਵੀ ਸ਼ੂਕਰਦੇ,
ਕਾਫ਼ਲਿਆਂ ਦਾ ਮੂੰਹ ਕਿਉਂ ਪਿੱਛੇ ਪਰਤ ਗਿਆ।

ਚਿੜੀ ਚੂਕਦੀ ਸ਼ੀਸ਼ੇ ਨੂੰ ਟੁਣਕਾਰ ਗਈ,
ਬਾਹਰ ਨਿਕਲੋ ਸੂਰਜ ਬੂਹੇ ਆ ਢੁਕਿਆ।

●

❑

## ਗ਼ਜ਼ਲ

ਯਤਨ ਕਰਾਂਗਾ ਮੱਥੇ ਵਿਚਲੀ ਬਲ਼ਦੀ ਅੱਗ ਨੂੰ ਠਾਰ ਦਿਆਂ।
ਆਪਣੇ ਵਿਚਲਾ ਅੱਥਰਾ ਘੋੜਾ ਮਾਰ ਮਾਰ ਕੇ ਮਾਰ ਦਿਆਂ।

ਸਰਦੀ ਰੁੱਤੇ ਸੇਕ ਨਹੀਂ ਪਰ ਜੇਠ ਹਾੜ੍ਹ ਨੂੰ ਤਪਦਾ ਹੈ,
ਰੋਜ਼ ਸੋਚਨਾਂ ਏਸ ਕਿਸਮ ਦੇ ਸੂਰਜ ਨੂੰ ਦੁਰਕਾਰ ਦਿਆਂ।

ਕੋਰੇ ਕਾਗਜ਼ 'ਤੇ ਨਾ ਐਵੇਂ ਨਵੀਆਂ ਲੀਕਾਂ ਵਾਹ ਦੇਵੇ,
ਪੁੱਤਰ ਕੋਲੋਂ ਕਾਪੀ ਖੋਹ ਕੇ ਰੱਦੀ ’ਚੋਂ ਅਖ਼ਬਾਰ ਦਿਆਂ।

ਵੱਖਰੇ ਵੱਖਰੇ ਮੋਰਚਿਆਂ ਤੇ ਵੰਨ-ਸੁਵੰਨੇ ਦੁਸ਼ਮਣ ਨੇ,
ਇਕ ਇਕੱਲ੍ਹਾ ਕਿੱਧਰ ਕਿੱਧਰ, ਕਿਸ ਕਿਸ ਨੂੰ ਮੈਂ ਹਾਰ ਦਿਆਂ।

ਪੱਥਰਾਂ ਦੀ ਬਰਸਾਤ 'ਚ ਟੁੱਟੇ ਸ਼ੀਸ਼ੇ ਵਰਗੇ ਸੁਪਨੇ ਸਭ,
ਫਿਰ ਵੀ ਪੱਥਰ ਚਾਹੁੰਦੇ ਨੇ ਮੈਂ ਪੱਥਰਾਂ ਨੂੰ ਸਤਿਕਾਰ ਦਿਆਂ।

ਤਲਖ਼ ਤਜ਼ਰਬੇ ਕੋਲ ਗਵਾਹ ਨੇ ਨਾ ਲਿਫ਼ਿਆ ਨਾ ਮੁੜਿਆ ਹਾਂ,
ਯਤਨ ਕਰਾਂਗਾ ਏਦਾਂ ਤਣ ਕੇ ਬਾਕੀ ਰਾਤ ਗੁਜ਼ਾਰ ਦਿਆਂ।

ਨਾ ਖ਼ਤ ਆਵੇ ਨਾ ਖ਼ਤ ਜਾਵੇ ਫਿਰ ਵੀ ਸਾਂਝ ਅਜੇ ਬਾਕੀ,
ਕੇਹੇ ਧਾਗੇ ਨਾਲ ਜਕੜਿਆ ਸੱਜਣਾਂ ਹੱਦੋਂ ਪਾਰ ਦਿਆਂ।
●

❑

## ਗ਼ਜ਼ਲ

ਅੰਗਾਂ ਦੇ ਵਿਚ ਵੜਦੀ ਜਾਵੇ ਠੰਢੀ ਠਾਰ ਹਵਾ।
ਸਰਦ ਸਿਆਲ਼ੀਆਂ ਰਾਤਾਂ ਦਿਲ ਚੋਂ ਅੱਗ ਨੂੰ ਚੂਸ ਲਿਆ।

ਮੀਂਹ ਦਾ ਪਾਣੀ ਹੜ੍ਹ ਦਾ ਪਾਣੀ ਏਥੇ ਆਣ ਖਲੋਵੇ,
ਨੀਵੇਂ ਥਾਂ 'ਤੇ ਉੱਗੇ ਰੁੱਖ ਨੂੰ ਡਾਢੀ ਸਖ਼ਤ ਸਜ਼ਾ।

ਨੰਗ-ਮੁਨੰਗੇ ਠੁਰ ਠੁਰ ਕਰਦੇ ਕੱਚੀਆਂ ਕੰਧਾਂ ਉਹਲੇ,
ਇਨ੍ਹਾਂ ਹਿੱਸੇ ਆਉਂਦੀ ਅੱਗ ਨੂੰ ਕਿਹੜਾ ਸੇਕ ਰਿਹਾ?

ਸਾਡੀ ਧਰਤੀ 'ਤੇ ਹਰ ਬੂਟਾ ਚੜ੍ਹੇ ਜਵਾਨੀ ਸੋਹਣੀ,
ਪਤਾ ਨਹੀਂ ਕਿਉਂ ਫ਼ਲ਼ ਦੀ ਰੁੱਤੇ ਰੁੱਖ ਜਾਵੇ ਕੁਮਲਾ।

ਤੇਜ਼ ਹਨੇਰੀ ਤੋਂ ਕੰਬਦਾ ਹੈ ਸਾਰਾ ਪਿੰਡ ਉਦੋਂ ਤੋਂ,
ਜਦ ਤੋਂ ਝਟਕੇ ਨਾਲ ਬੋਹੜ ਦਾ ਬੂਟਾ ਉਖੜ ਗਿਆ।

ਧਰਤੀ ਅੰਬਰ ਜਾਣ ਫ਼ੈਲਦੇ ਮਹਿਲ ਮੁਨਾਰੇ ਖ਼ਾਤਰ,
ਸਾਡੀ ਧਰਤੀ ਸਾਡਾ ਅੰਬਰ ਕਾਹਨੂੰ ਸੁੰਗੜ ਗਿਆ।

ਠਰਦੇ ਹੱਥਾਂ ਬਹੁਤ ਬੁਲਾਇਆ ਲੱਖ ਇਸ਼ਾਰੇ ਕੀਤੇ,
ਅੱਗ ਦਾ ਗੀਤ ਗਵੱਈਆ ਰਾਹ 'ਚੋਂ ਆ ਕੇ ਪਰਤ ਗਿਆ।
●

❑

## ਗ਼ਜ਼ਲ

ਜੰਗਲ ਦੇ ਵਿਚ ਸ਼ਾਮ ਪਈ ਤੇ ਖ਼ੁਰਿਆ ਹੈ ਪਰਛਾਵਾਂ।
ਵੰਨ-ਸੁਵੰਨੀਆਂ ਚੀਕਾਂ, ਕੂਕਾਂ, ਰੌਲਾ ਬੱਦ-ਬਲਾਵਾਂ।

ਜਿੰਨ੍ਹਾਂ ਦੇ ਗਲ ਸੰਗਲ ਰੱਸੇ ਹਾਰ ਹਮੇਲਾਂ ਛਣਕਣ,
ਖ਼ਸਮ ਪਛਾਣ ਕੇ ਪਿੱਛੇ ਤੁਰੀਆਂ ਭੇਡਾਂ, ਮੱਝਾਂ, ਗਾਵਾਂ।

ਸਿਰ ਤੇ ਜਦੋਂ ਦੁਪਹਿਰ ਖੜ੍ਹੀ ਸੀ ਕਦਮ ਨ ਪੁੱਟਿਆ ਕੋਈ,
ਸਾਨੂੰ ਐਵੇਂ ਬੰਨ੍ਹ ਬਿਠਾਇਆ ਬੁੱਢੇ ਰੁੱਖਾਂ, ਛਾਵਾਂ।

ਆਲ-ਦੁਆਲਾ ਸਾਰੇ ਰਸਤੇ ਸ਼ੇਰ ਬਘੇਲਿਆਂ ਮੱਲੇ,
ਤੇਰੇ ਤੱਕ ਵੀ ਆਵਾਂ ਤਾਂ ਦੱਸ ਕਿਹੜੇ ਰਸਤੇ ਆਵਾਂ।

ਸਿਰ ਤੇ ਐਨ ਵਰ੍ਹਾਊ ਬੱਦਲ, ਕਹਿਰ, ਗੁਬਾਰ, ਹਨ੍ਹੇਰਾ,
ਵਿਰਲਾਂ ਥਾਣੀਂ ਝਾਕੇ ਫਿਰ ਵੀ ਤਾਰਾ ਵਿਰਲਾ ਟਾਵਾਂ।

ਏਨੇ ਸਾਲ ਬੇਗਾਨੀ ਧਰਤੀ ਖ਼ੋਰ ਖ਼ੋਰ ਕੇ ਪੀਤਾ,
ਹੁਣ ਬਨਵਾਸੀ ਪੁੱਤਰਾਂ ਤਾਈਂ ਕਿੰਵ ਪਛਾਨਣ ਮਾਵਾਂ।

●

❑

## ਗ਼ਜ਼ਲ

ਜਿੰਨ੍ਹਾਂ ਦੇ ਪਿੰਡਿਆਂ ਦੇ ਉੱਤੇ ਲਿਸ਼ਕ-ਪੁਸ਼ਕਵੇਂ ਬਸਤਰ ਸੀ।
ਉਨ੍ਹਾਂ ਹੀ ਤਾਂ ਬੇ-ਤਰਤੀਬੀ ਕੀਤੀ ਸਾਡੀ ਨੀਂਦਰ ਸੀ।

ਖੁਸ਼ੀਆਂ ਵਿਚ ਮਖ਼ਮੂਰ ਜਦੋਂ ਸਨ ਮੇਰੀ ਜਾਨ ਦੇ ਵੈਰੀ ਲੋਕ,
ਮੇਰੇ ਅੰਦਰ ਖ਼ੌਲ਼ ਰਿਹਾ ਤਦ ਦੁੱਖ ਦਾ ਤਲਖ਼-ਸਮੁੰਦਰ ਸੀ।

ਗਰਮ ਹਵਾ ਦੇ ਰੋੜ੍ਹ 'ਚ ਰੁੜ੍ਹ ਗਏ ਕਿਣਕੇ 'ਕੱਲ੍ਹੇ 'ਕੱਲ੍ਹੇ ਸਨ,
ਵੇਖਣ ਨੂੰ ਜੋ ਲੱਗਦੇ ਭਾਵੇਂ ਗਿੱਲੇ ਰੇਤੇ ਦਾ ਘਰ ਸੀ।

ਚੋਰ-ਚਕਾਰ ਬੁਰੇ ਦੇ ਭਾਵੇਂ ਆਪਣੇ ਪੈਰ ਨਹੀਂ ਹੁੰਦੇ,
ਪਿੱਛਾ ਕਰਨੋਂ ਰੋਕ ਲਿਆ ਜਿਸ, ਆਪਣੇ ਮਨ ਦਾ ਹੀ ਡਰ ਸੀ।

ਕਰਫ਼ਿਊ ਵਾਲੀ ਰਾਤ ਜਦੋਂ ਕਿ ਚਾਰ-ਚੁਫ਼ੇਰ ਹਨ੍ਹੇਰਾ ਸੀ,
ਇੱਕ ਟਟਹਿਣਾ ਜਗਦਾ, ਮੇਰੀਆਂ ਨਜ਼ਰਾਂ ਦੇ ਵਿੱਚ ਹੀ ਨਰ ਸੀ।

ਹਰ ਵਾਰੀ ਇਸ ਬਕਸੇ ਵਿਚੋਂ ਮੌਤ ਸੁਨੇਹਾ ਨਿਕਲ ਆਇਆ,
ਹਰ ਵਾਰੀ ਉਸ ਪਰਚੀ ਉਤੇ ਆਪਣੇ ਹੀ ਹਸਤਾਖ਼ਰ ਸੀ।

●

## ਗ਼ਜ਼ਲ

ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ ਖੁਸ਼ਬੋਹੀਣ ਗੁਲਾਬ ਹੈ।
ਮੈਨੂੰ ਅੱਜ ਕੱਲ੍ਹ ਏਦਾਂ ਜਾਪੇ ਅਪਣਾ ਦੇਸ-ਪੰਜਾਬ ਹੈ।

ਇਸ ਬੂਟੇ ਨੂੰ ਕੰਡਿਆਂ ਤੋਂ ਬਿਨ ਹੋਰ ਤਾਂ ਕੁਝ ਵੀ ਲੱਗਣਾ ਨਾ,
ਫੁੱਲਾਂ ਖ਼ਾਤਰ ਲਾਈ ਜਾਵੇ ਇਹ ਭੜੂਆ ਜੋ ਦਾਬ ਹੈ।

ਮੋਢਿਆਂ ਨਾਲੋਂ ਛਾਂਗੀਆਂ ਬਾਹਾਂ, ਬੇ-ਸਿਰ, ਪੈਰ-ਵਿਹੂਣੇ ਲੋਕ,
ਰੋਜ਼ ਰਾਤ ਨੂੰ ਅੱਜ-ਕੱਲ੍ਹ ਮੈਨੂੰ ਦਿਸਦਾ ਏਹੀ ਖ਼੍ਵਾਬ ਹੈ।

ਪਾਟੀਆਂ ਲੀਰਾਂ ਵਾਂਗ ਰੁਲ਼ੇ ਨਾ ਇਹਦਾ ਵਰਕਾ ਵਰਕਾ ਵੀ,
ਸਾਂਝ-ਭਰਪੱਣ ਵਾਲੀ ਇਹ ਜੋ ਹੱਥਾਂ ਵਿਚ ਕਿਤਾਬ ਹੈ।

ਜਨਮ, ਜ਼ਾਤ ਤੇ ਨਸਲਾਂ ਦੇ ਅਨੁਸਾਰ ਖ਼ੂਨ ਦਾ ਰੰਗ ਹੋਵੇ,
ਮੂਰਖ਼ ਨੂੰ ਸਮਝਾਵੇ ਕਿਹੜਾ, ਇਹ ਤਾਂ ਗਲਤ ਹਿਸਾਬ ਹੈ।

ਕਿਹੜਾ ਮਾਲੀ ਐਸੀ ਡਾਲੀ ਫਿਰ ਲਾਵੇਗਾ ਘਰ ਸਾਡੇ,
ਜਿਸ ਦੀ ਖੁਸ਼ਬੋ ਆਪ ਕਹੇਗੀ ਇਹ ਸਾਡਾ ਪੰਜਾਬ ਹੈ।

❑

## ਗ਼ਜ਼ਲ

ਹੌਕਿਆਂ ਦੇ ਵਿਚ ਉਲਝ ਗਈ ਹੈ ਸਾਹਾਂ ਦੀ ਖੁਸ਼ਬੋ।
ਧੂੰਏਂ ਵਿਚ ਗਵਾਚ ਗਈ ਹੈ ਕਿਉਂ ਸੂਰਜ ਦੀ ਲੋਅ।

ਮੈਂ ਤੇਰਾ ਇਕ ਜਾਣਕਾਰ ਹਾਂ ਗੂੜ੍ਹ-ਨੇਰ੍ਹੀਏ ਰਾਤੇ,
ਸਾਡੇ ਹਿੱਸੇ ਦਾ ਸੂਰਜ ਨਾ ਬੁੱਕਲ਼ ਵਿਚ ਲੁਕੋ।

ਸੁਰਖ਼-ਸਵੇਰਾ ਚੀਰ ਹਨੇਰਾ ਤੇਰੇ ਦਰ 'ਤੇ ਆਇਆ,
ਜਾਗ ਸੁੱਤਿਆ ਲੋਕਾ ਉੱਠ ਕੇ ਤੇਲ ਤਾਂ ਬੂਹੇ ਚੋ।

ਚਾਰ-ਦੀਵਾਰੀ ਅੰਦਰ ਖੁਸ਼ਬੋ ਕੈਦਣ ਬਣ ਕੇ ਰੋਵੇ,
ਕੱਚਿਆਂ-ਵਿਹੜਿਆਂ ਪਾਲੀ ਪੋਸੀ ਗਈ ਪਰਾਈ ਹੋ।

ਪੈਰ ਪੈਰ ਤੇ ਮੌਤ ਖਲੋਤੀ ਦਰ-ਦਰਵਾਜ਼ੇ ਖੋਲ੍ਹੀ,
ਸਾਡੇ ਲਈ ਜ਼ਿੰਦਗਾਨੀ ਨੇ ਵੀ ਬੂਹੇ ਲਏ ਨੇ ਢੋਅ।

ਰਾਵੀ ਦੇ ਉਰਵਾਰ-ਪਾਰ ਦੁੱਖ-ਦਰਦਾਂ ਦਾ ਰੰਗ ਇੱਕੋ,
ਜਿਸਮ ਚੀਰ ਕੇ ਮੁਲਕ ਬਣਾਏ ਭਾਵੇਂ ਇਕ ਤੋਂ ਦੋ।
●

❏

## ਗ਼ਜ਼ਲ

ਚਾਰ-ਚੁਫ਼ੇਰੇ 'ਨੇਰ੍ਹ ਦਾ ਪਹਿਰਾ ਗਠੜੀ ਲੈ ਗਏ ਚੋਰ।
ਅੱਧ-ਸੁੱਤੀਏ ਹੁਣ ਜਾਗ ਨੀ ਤੇਰਾ ਲੁੱਟਿਆ ਸ਼ਹਿਰ ਭੰਬੋਰ।

ਸੱਤਰੰਗੀ ਅਸਮਾਨ ਦੀ ਲੀਲ੍ਹਾ ਕੋਲ ਸੀ ਜਿਹੜੀ ਉੱਡਦੀ,
ਅੱਜ ਬੇਗਾਨਿਆਂ ਤੋੜ ਮਰੋੜੀ ਸਣੇ ਪਤੰਗ ਦੇ ਡੋਰ।

ਨਾ ਕੋਈ ਬਾਗ਼-ਬਗੀਚਾ ਖਿੜਿਆ ਨਾ ਅੰਬਾਂ ਨੂੰ ਬੂਰ,
ਨਾ ਕੋਇਲਾਂ ਨਾ ਗਾਉਣ ਬੰਬੀਹੇ ਨਾ ਹੀ ਨੱਚਦੇ ਮੋਰ।

ਸਾਡੇ ਚਿਹਰੇ ਇੰਞ ਧੁਆਂਖੇ ਰਹੀ ਪਛਾਣ ਨਾ ਕੋਈ,
ਆਪਣੇ ਜ਼ਖ਼ਮ ਵਿਖਾ ਕੇ ਕੁੰਜੀਆਂ ਲੈ ਗਿਆ ਕੋਈ ਹੋਰ।

ਲਹਿੰਦੇ ਬੰਨੇ ਸੂਰਜ ਨੂੰ ਅੱਗ ਲੱਗ ਕੇ ਬੁਝ ਗਈ ਹੈ,
ਚੜ੍ਹਦੇ ਪਾਸੇ ਹੋਰ ਚੜ੍ਹੀ ਹੈ ਕਾਲ਼ੀ-ਘਟ ਘਨਘੋਰ।

ਰੁਕ ਰੁਕ ਕੇ ਸਾਹ ਚੱਲਦਾ ਜਾਪੇ ਨਬਜ਼ ਖਲੋਤੀ ਹੋਈ,
ਢੀਠ ਮੁਲਕ ਦੀ ਪਹਿਲਾਂ ਨਾਲੋਂ ਵੀ ਮਸਤਾਨੀ ਤੋਰ।

ਸੱਜੇ ਖੱਬੇ ਅੱਗੜ ਪਿੱਛੜ ਗੱਲ ਕਾਹਦੀ ਹਰ ਪਾਸੇ,
ਚੋਰ-ਉਚੱਕਿਆਂ ਰਲ ਕੇ ਮੱਲਿਆ ਸਾਡਾ ਤਖ਼ਤ-ਲਾਹੌਰ।
●

❑

## ਗ਼ਜ਼ਲ

ਅੰਬਰ ਦੇ ਵਿਚ ਬਿਜਲੀ ਕੜਕੇ, ਲਿਸ਼ਕੇ, ਚਮਕ ਡਰਾਵੇ।
ਬਾਹਰ ਖਲੋਤੀਆਂ ਪੱਕੀਆਂ ਕਣਕਾਂ ਜਾਨ ਨਿਕਲਦੀ ਜਾਵੇ।

ਲਿਸ਼ਕ ਚਾਨਣੀ ਮਾਰ ਗਈ ਹੈ ਲਹਿ-ਲਹਿਰਾਉਂਦੇ ਛੋਲੇ,
ਦਾਣਿਆਂ ਦੀ ਥਾਂ ਘਰ ਨੂੰ ਪਰਤੇ ਹੌਂਕੇ ਹੰਝੂ ਹਾਵੇ।

ਸਾਡੇ ਪਿੰਡ ਤਾਂ ਫੂਹੜੀ ਵਿਛ ਗਈ ਗੜ੍ਹੇਮਾਰ ਦੇ ਮਗਰੋਂ,
ਸ਼ਹਿਰਾਂ ਦੇ ਵਿਚ ਲਾਊਡ-ਸਪੀਕਰ ਉੱਚੀ ਉੱਚੀ ਗਾਵੇ।

ਕੱਚੇ ਘਰ ਪਾਣੀ ਵਿਚ ਡੁੱਬੇ ਖ਼ੁਰਦੀਆਂ ਜਾਵਣ ਕੰਧਾਂ,
ਉੱਚੇ, ਪੱਕੇ ਘਰ ਦੇ ਵਿਹੜੇ ਚਿੜੀ ਰੇਤ ਵਿਚ ਨ੍ਹਾਵੇ।

ਚਾਰ-ਚੁਫ਼ੇਰੇ ਚਿੱਕੜ ਖੋਭਾ ਗੋਡੇ ਗੋਡੇ ਪਾਣੀ,
ਸਾਡੀ ਖ਼ਬਰ-ਸਾਰ ਨੂੰ ਕਿੱਦਾਂ ਪਤਵੰਤਾ ਕੋਈ ਆਵੇ।

ਲਹਿਣੇਦਾਰ ਆਵਾਜ਼ਾਂ ਮਾਰਨ ਬੂਹੇ ਨੂੰ ਖੜਕਾ ਕੇ,
ਖ਼ਾਲੀ ਜੇਬ ਹੁੰਗਾਰਾ ਭਰਨੋਂ ਵੀ ਕੰਨੀ ਕਤਰਾਵੇ।

ਠੰਢਾ-ਚੁੱਲ੍ਹਾ ਖ਼ਾਲੀ-ਬੋਰੀ ਸੱਖਣੇ-ਪੀਪੇ ਰੋਂਦੇ,
ਵੇਖ ਭੜੋਲੀਆਂ ਖ਼ਾਲਮ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

●

❑

## ਗ਼ਜ਼ਲ

ਆਲ਼ ਦੁਆਲ਼ੇ ਲਾਟਾਂ ਵਗਦੀ ਗਰਮ ਹਵਾ।
ਚਿਰ ਤੋਂ ਗਾਉਂਦਾ ਪੰਛੀ ਸੁਰ ਤੋਂ ਡੋਲ ਗਿਆ।

ਦਰਿਆ ਪਾਣੀ ਵਗਦੇ ਇਕ ਦਮ ਠਹਿਰ ਗਏ,
ਕਿਸ ਕਲਜੋਗਣ ਨਹਿਸ਼ ਪਰੀ ਦਾ ਪੈਰ ਪਿਆ।

ਪਤਾ ਨਹੀਂ ਕੀਹ ਮਾਰ ਵਗੀ ਹੈ ਸਮਿਆਂ ਨੂੰ,
ਫੁੱਲਾਂ ਦੀ ਖ਼ੁਸ਼ਬੋਈ ਕੋਈ ਚੂਸ ਗਿਆ।

ਏਨੀ ਤੇਜ਼ ਹਨ੍ਹੇਰੀ ਆਈ ਇਸ ਵਾਰੀ,
ਬਾਗ਼-ਬਗੀਚਾ ਜੰਗਲ-ਬੂਟਾ ਸਹਿਮ ਗਿਆ।

ਹੱਥ ਨੂੰ ਹੱਥ ਪਛਾਨਣ ਤੋਂ ਇਨਕਾਰ ਕਰੇ,
'ਨ੍ਹੇਰੇ ਦਾ ਪਰਿਵਾਰ ਚੁਫ਼ੇਰੇ ਫ਼ੈਲ ਗਿਆ।

ਡਾਰੋਂ-ਵਿੱਛੜੀ ਕੂੰਜ ਵਾਂਗ ਕੁਰਲਾਉਂਦੀ ਹੈ,
ਬਲ਼ਦੀ ਅੱਗ ਨੇ ਜੀਵਨ ਨੂੰ ਇੰਝ ਘੇਰ ਲਿਆ।

ਬਾਲ-ਬਚਪਨਾ ਕਲਮ-ਦਵਾਤ ਸਲੇਟਾਂ ਵੀ
ਉੂੜਾ, ਐੜਾ ਸਣੇ ਬਸਤਿਆਂ ਝੁਲ਼ਸ ਗਿਆ।
●

❏

## ਗ਼ਜ਼ਲ

ਹਵਾ ਵਿਚ ਉੱਡ ਰਿਹਾ ਸਾਂ, ਡਿੱਗ ਪਿਆ ਹਾਂ।
ਮੈਂ ਆਪਣੇ ਆਪ ਵਿਚੋਂ ਲਾਪਤਾ ਹਾਂ।

ਦਿਆਂ ਪਰਵਾਜ਼ ਦਾ ਤੋਹਫ਼ਾ ਕੀ ਅੰਬਰ,
ਮੈਂ ਖੰਭਾਂ ਤੋਂ ਵਿਹੂਣਾ ਹੋ ਗਿਆ ਹਾਂ।

ਚੁਫ਼ੇਰੇ ਜ਼ਹਿਰ ਹੈ ਸੱਪਾਂ 'ਚ ਘਿਰਿਆਂ,
ਜਵਾਨੀ ਵਿਚ ਹੋਇਆ ਹਾਦਿਸਾ ਹਾਂ।

ਤੂੰ ਮੈਥੋਂ ਦੂਰ ਹੈਂ ਆਵਾਜ਼ ਤਾਂ ਦੇਹ,
ਸੁਰਾਂ ਨੂੰ ਸਹਿਕਦਾ ਮੈਂ ਬੇ-ਸੁਰਾ ਹਾਂ।

ਤਰਸਦਾ ਹਾਂ ਮੈਂ ਤੇਰੀ ਰੌਸ਼ਨੀ ਨੂੰ,
ਮੈਂ ਤੇਰੇ ਬਾਝ ਤਾਂ ਬੁਝਿਆ ਪਿਆ ਹਾਂ।

ਤੇਰੀ ਉਸ ਮੁਸਕਣੀ ਤੋਂ ਕੁਝ ਕੁ ਪਹਿਲਾਂ,
ਮੈਂ ਬਿਲਕੁਲ ਆਮ ਵਰਗਾ ਆਦਮੀ ਸਾਂ।

ਹਜ਼ਾਰਾਂ ਵਾਰ ਇੱਕੋ ਸਿਰ ਤੇ ਸਹਿ ਕੇ,
ਮੈਂ ਤੇਰੇ ਸਾਹਮਣੇ ਸਾਬਤ ਖੜ੍ਹਾ ਹਾਂ।

●

❏

## ਗ਼ਜ਼ਲ

ਤਪਦੇ ਥਲਾਂ ਦਾ ਪੈਂਡਾ ਸਾਹਾਂ ਦੀ ਰਾਸ ਲੈ ਕੇ।
ਮੈਂ ਤੁਰ ਰਿਹਾ ਹਾਂ ਫਿਰ ਵੀ ਜਨਮਾਂ ਦੀ ਪਿਆਸ ਲੈ ਕੇ।

ਕੰਡਿਆਂ 'ਚ ਉਲਝਦੀ ਹੈ ਹਰ ਵਾਰ ਨਜ਼ਰ ਮੇਰੀ,
ਇਹ ਜ਼ਿੰਦਗੀ ਨਾ ਮਹਿਕੀ ਫੁੱਲਾਂ ਦੀ ਬਾਸ ਲੈ ਕੇ।

ਹਰ ਇਕ ਕਦਮ ਤੇ ਪੀੜਾਂ ਤੇ ਪੈਰ ਪੈਰ ਛਾਲੇ,
ਮੈਂ ਆ ਰਿਹਾ ਹਾਂ ਏਥੇ ਛਮਕਾਂ ਦੀ ਲਾਸ ਲੈ ਕੇ।

ਭਾਵੇਂ ਉਡੀਕ ਮੈਨੂੰ ਜਾਂ ਨਾ ਉਡੀਕ ਐਪਰ,
ਬੂਹੇ 'ਚ ਬੈਠ ਨਾ ਤੂੰ ਚਿਹਰਾ ਉਦਾਸ ਲੈ ਕੇ।

ਸ਼ਿਕਵਾ ਸ਼ਿਕਾਇਤ ਰੋਸਾ ਕਿਸ 'ਤੇ ਕਰਾਂ ਮੈਂ ਯਾਰੋ,
ਮੈਂ ਆਪ ਆ ਰਿਹਾ ਹਾਂ ਜੰਗਲ ਦਾ ਵਾਸ ਲੈ ਕੇ।

ਐ ਜ਼ਿੰਦਗੀ ਤੂੰ ਮਿਲ ਜਾ, ਤੈਨੂੰ ਉਡੀਕਦਾ ਮੈਂ,
ਅੱਜ ਤੀਕ ਜੀਅ ਰਿਹਾ ਹਾਂ ਮਿਲਣੇ ਦੀ ਆਸ ਲੈ ਕੇ।

●

❑

## ਗ਼ਜ਼ਲ

ਹਰ ਹਾਦਿਸੇ ਨੂੰ ਜਿਹੜਾ ਮਿਲਦਾ ਸੀ ਮੁਸਕਰਾ ਕੇ।
ਉਹ ਅੱਜ ਬਹੁਤ ਬਹੁਤ ਰੋਇਆ ਬੁੱਕਲ ਮੇਰੀ 'ਚ ਆ ਕੇ।

ਕੋਹਾਂ ਤੋਂ ਲਿਸ਼ਕ ਜਿਸਦੀ ਆਵਾਜ਼ ਮਾਰਦੀ ਸੀ,
ਸਾਗਰ ਉਹ ਰੇਤ ਦਾ ਸੀ ਤੱਕਿਆ ਮੈਂ ਨੇੜ ਜਾ ਕੇ।

ਲਫ਼ਜ਼ਾਂ ਤੇ ਸੁਰ ਨੇ ਮਿਲਕੇ ਨੇਰ੍ਹੇ ਨੂੰ ਚੀਰਨਾ ਹੈ,
ਖ਼ਾਮੋਸ਼ੀਆਂ ਨੂੰ ਤੋੜੋ ਦਰਦੀਲੀ ਹੇਕ ਲਾ ਕੇ।

ਆਸਾਂ, ਉਮੀਦਾਂ, ਰੀਝਾਂ ਜੀਵਨ ਦਾ ਆਸਰਾ ਨੇ,
ਦੁੱਖ ਦੀ ਘੜੀ ਨੂੰ ਟਾਲ਼ੋ ਇਨ੍ਹਾਂ ਦੀ ਬਾਤ ਪਾ ਕੇ।

ਪੱਥਰ ਉਹ ਰਾਹ ਦਾ ਸੀ ਐਪਰ ਕਮਾਲ ਦਾ ਸੀ,
ਅੱਜ ਜ਼ਿੰਦਗੀ ਹੈ ਜਾਗੀ ਓਸੇ ਦੀ ਚੋਟ ਖਾ ਕੇ।

●

❑

## ਗ਼ਜ਼ਲ

ਸਾਂਭ ਕੇ ਕਾਗ਼ਜ਼ ਕਿਤਾਬਾਂ ਕੰਧ 'ਤੇ ਲਿਖਿਆ ਪੜ੍ਹੋ।
ਸਾਂਭ ਕੇ ਕਲਮਾਂ, ਦਵਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਸੇਕ ਮਾਰਨ ਸੁਰਖ਼ੀਆਂ ਅਖ਼ਬਾਰ ਦੀਆਂ ਰੋਜ਼ ਹੀ,
ਅੱਗ ਉਗਲਣ ਵਾਰਦਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਖ਼੍ਵਾਬ ਵਿਚ ਵੇਖੇ ਨਹੀਂ ਅੱਖਰ ਕਦੇ ਏਨੇ ਉਦਾਸ,
ਰੁੱਤ ਨੇ ਦਿੱਤੀਆਂ ਸੁਗਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਜ਼ਿੰਦਗੀ ਵਿਚ ਕਿਸ ਤਰ੍ਹਾਂ ਦਾ ਦਖ਼ਲ ਦਿੱਤੈ 'ਨ੍ਹੇਰਿਆਂ,
ਹੋ ਗਈਆਂ ਬਲਵਾਨ ਰਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਰਾਤ ਦਿਨ ਮੌਸਮ ਹਵਾਵਾਂ 'ਨ੍ਹੇਰੀਆਂ ਤੇ ਬਿਜਲੀਆਂ,
ਕਿੰਨੀਆਂ ਗੋਤਾਂ ਤੇ ਜ਼ਾਤਾਂ, ਕੰਧ 'ਤੇ ਲਿਖਿਆ ਪੜ੍ਹੋ।

●

❑

## ਗ਼ਜ਼ਲ

ਜਦੋਂ ਪੰਛੀ ਪਰਾਂ ਨੂੰ ਤੋਲਦਾ ਹੈ।
ਮੇਰੇ ਸਾਹਾਂ 'ਚ ਮਿਸ਼ਰੀ ਘੋਲਦਾ ਹੈ।

ਗੁਆਚੀ ਮਹਿਕ ਸੁੱਚੇ ਰਿਸ਼ਤਿਆਂ ਦੀ,
ਮੇਰਾ ਮਨ ਮਾਰੂਥਲ 'ਚੋਂ ਟੋਲਦਾ ਹੈ।

ਸਣੇ ਤਰਕਸ਼ ਸਮੇਂ ਨੇ ਮਾਰਿਆ ਹਾਂ,
ਮੇਰੇ ਅੰਦਰ ਦਾ ਮਿਰਜ਼ਾ ਬੋਲਦਾ ਹੈ।

ਜਦੋਂ ਵੀ ਫ਼ੋਲਦਾ ਹਾਂ ਖ਼ਤ ਪੁਰਾਣੇ,
ਕਲੇਜਾ ਪਾਰੇ ਵਾਂਗੂੰ ਡੋਲਦਾ ਹੈ।

ਅਰਸ਼ ਵਿਚ ਡਾਰ ਤੱਕ ਮੁਰਗਾਬੀਆਂ ਦੀ,
ਕੋਈ ਰੇਤੇ 'ਚੋਂ ਪੈੜਾਂ ਫ਼ੋਲਦਾ ਹੈ।
●

❑

## ਗ਼ਜ਼ਲ

ਕੰਡਿਆਂ ਦੀ ਤਾਰ ਅੰਦਰ ਜ਼ਿੰਦਗੀ।
ਹੋਰ ਕਿਸ ਨੂੰ ਆਖਦੇ ਨੇ ਖ਼ੁਦਕੁਸ਼ੀ।

ਇਹ ਹਵਾ ਕਿੱਥੋਂ ਕੁਲਹਿਣੀ ਆ ਗਈ,
ਕੰਬਦੇ ਨੇ ਪਿੰਡ ਵੀ ਤੇ ਸ਼ਹਿਰ ਵੀ।

ਛਾਂਗਿਆ ਰੁੱਖਾਂ ਨੂੰ ਜਦ ਤਲਵਾਰ ਨੇ,
ਜੀਂਦੀਆਂ ਟਾਹਣਾਂ ਦੀ ਨਿਕਲੀ ਚੀਕ ਸੀ।

ਵਕਤ ਨੇ ਪੈਰਾਂ 'ਚ ਏਦਾਂ ਮਿੱਧਿਆ,
ਵੈਣ ਵਾਂਗੂੰ ਰੜਕਦੇ ਨੇ ਗੀਤ ਵੀ।

ਕਰਫ਼ੀਊ ਕੈਸਾ ਮਨਾਂ 'ਤੇ ਬਹਿ ਗਿਆ,
ਡਰਦਿਆਂ ਬਾਹਰ ਨਾ ਨਿਕਲੇ 'ਵਾਜ਼ ਵੀ।

●

## ❑

## ਗ਼ਜ਼ਲ

ਹਾਦਸਿਆਂ ਦੀ ਦੁਨੀਆਂ ਅੰਦਰ ਅਜਬ ਹਾਦਸਾ ਵਾਪਰਿਆ।
ਬੰਦ ਬਾਰੀਆਂ, ਬੂਹੇ, ਫਿਰ ਵੀ, ਮੇਰੇ ਘਰ ਉਹ ਪਹੁੰਚ ਗਿਆ।

ਸੂਰਜ ਛੁਪਿਆ ਹੀ ਸੀ ਬੁੱਢੇ ਰੁੱਖ ਤੋਂ ਪੰਛੀ ਬੋਲ ਪਿਆ,
ਬਸ ਫਿਰ ਕੀ ਸੀ ਸ਼ਾਮ ਉਦਾਸੀ ਨੇ ਮੈਨੂੰ ਆ ਘੇਰ ਲਿਆ।

ਉਸ ਦਿਨ ਪਿੱਛੋਂ ਸੇਕ ਅੱਗ ਦਾ ਮੇਰਾ ਪਿੰਡਾ ਸਾੜ ਰਿਹਾ,
ਜਿਸ ਦਿਨ ਦਾ ਮੈਂ ਅੱਗ ਵਿਚ ਸੜਦਾ ਸੁਰਖ਼ ਗੁਲਾਬ ਹੈ ਵੇਖ ਲਿਆ।

ਚਿਹਰੇ ਤੇ ਬੇਰੌਣਕੀ ਜੰਮੀ ਉਦਰੇਵੇਂ ਦਾ ਲੇਪ ਜਿਹਾ,
ਜਿਸ ਦਿਨ ਦਾ ਇਕ ਫ਼ੂਲਦਾਨ ਹੈ ਮੇਰੇ ਹੱਥੋਂ ਤਿੜਕ ਗਿਆ।

ਰੁੱਖਾਂ ਵਾਂਗ ਮਨੁੱਖਾਂ ਨੂੰ ਕੀਹ ਵਾਢ ਧਰੀ ਹੈ ਸਮਿਆਂ ਨੇ,
ਮੈਨੂੰ ਜਾਪੇ ਗੋਡਿਆਂ ਕੋਲੋਂ ਮੈਨੂੰ ਵੀ ਕਿਸੇ ਛਾਂਗ ਲਿਆ।
●

❑

## ਗ਼ਜ਼ਲ

ਪਿੰਡ ਗਏ ਨੂੰ ਘੂਰਦੀਆਂ ਨੇ ਧੂੜਾਂ ਅੱਟੀਆਂ ਰਾਹਵਾਂ।
ਵਾਂਗ ਬੇਗਾਨੇ ਝਾਕਦੀਆਂ ਨੇ ਕੰਧਾਂ, ਧੁੱਪਾਂ, ਛਾਵਾਂ।

ਅਮਰ-ਵੇਲ ਨੇ ਘੇਰ ਲਿਆ ਹੈ ਵਾਂਗ ਦਰਖ਼ਤਾਂ ਮੈਨੂੰ,
ਸਾਹ ਤੇ ਸੋਚ ਜਕੜ ਲਈ ਜਾਪੇ ਕੱਸੀਆਂ ਲੱਤਾਂ ਬਾਹਵਾਂ।

ਇਸ ਰੁੱਤੇ ਜੇ ਪੌਣ ਉਦਾਸੀ ਨਾ ਕਰ ਸ਼ਿਕਵਾ ਕੋਈ,
ਹੌਕੇ ਭਰ ਵਿਰਲਾਪ ਕਰਦੀਆਂ ਸਭ ਰੁੱਖਾਂ ਦੀਆਂ ਛਾਵਾਂ।

ਸੁਪਨ-ਸਿਰਜਣਾ ਕਰਾਂ ਮੈਂ ਕਿੱਥੇ ਆਲ਼-ਦੁਆਲ਼ੇ ਤਾਰਾਂ,
ਬੇ ਆਬਾਦ ਘਰਾਂ 'ਚੋਂ ਕਿਸਦੀ ਕੁੰਡੀ ਜਾ ਖੜਕਾਵਾਂ।

ਨਾਗ ਤਾਂ ਜ਼ਹਿਰੀ ਕੱਢ ਵਰਮੀਆਂ ਬੈਠੇ ਚੌਂਕ-ਚੁਰਾਹੇ,
ਜ਼ਹਿਰ-ਪਰੁੱਚੀਆਂ ਵਗਦੀਆਂ ਏਥੇ ਤਾਂ ਹੀ ਸਰਦ ਹਵਾਵਾਂ।

●

❑

## ਗ਼ਜ਼ਲ

ਬੰਦ ਕਮਰੇ ਵਿਚ ਬੈਠ ਪੜ੍ਹਾਂ ਮੈਂ ਰੋਜ਼ਾਨਾ ਅਖ਼ਬਾਰਾਂ ਨੂੰ।
ਫਿਰ ਕਾਹਦੇ ਲਈ ਖ਼ਤਰਾ ਜਾਪੇ ਮੇਰੇ ਤੋਂ ਸਰਕਾਰਾਂ ਨੂੰ।

ਡਰਦਾ ਮਾਰਾ 'ਵਾਜ਼ ਨਾ ਕੱਢਾਂ ਬੂਹਾ ਖੜਕੇ ਘੜੀ ਮੁੜੀ,
ਕੰਨ ਵਲ੍ਹੇਟੀ ਸੁਣਦਾ ਹਾਂ ਮੈਂ ਯਾਰ ਦੀਆਂ ਫਿਟਕਾਰਾਂ ਨੂੰ।

ਵਿਰਲਾਂ ਥਾਣੀ ਬਲ਼ਦਾ ਸੂਰਜ ਜਦ ਚਾਨਣ ਜਾਂ ਸੇਕ ਦਏ,
ਨਿੱਘ ਦੀ ਖ਼ਾਤਰ ਜੀਅ ਕਰਦਾ ਏ ਡੇਗ ਦਿਆਂ ਦੀਵਾਰਾਂ ਨੂੰ।

ਅਪਣਾ ਆਪ ਲੁਕਾ ਕੇ ਭਾਵੇਂ ਪਿੰਜਰੇ ਦੇ ਵਿਚ ਵਾਸ ਕਰਾਂ,
ਉੱਡਣ ਦੀ ਸਿਖਲਾਈ ਦੇਵਾਂ ਪਰ-ਕਟਿਆਂ ਦੀਆਂ ਡਾਰਾਂ ਨੂੰ।

ਸ਼ਹਿਰ ਵੜਦਿਆਂ ਲੈਣ ਤਲਾਸ਼ੀ ਹਾਕਮ ਦੇ ਕਾਰਿੰਦੇ ਹੁਣ,
ਕਾਗ਼ਜ਼, ਕਲਮ, ਦਵਾਤ ਲੁਕਾ ਲਾਂ ਖ਼ਤਰਨਾਕ ਹਥਿਆਰਾਂ ਨੂੰ।

ਮੀਲਾਂ ਤੀਕ ਉਦਾਸੀ ਦਾ ਥਲ ਮਾਰੂ ਅੱਗ ਵਰ੍ਹਾਏਗਾ,
ਆਪੋ ਆਪਣੇ ਘਰਾਂ 'ਚੋਂ ਰੋਕੋ ਅਗਨੀ ਦੇ ਵਿਸਥਾਰਾਂ ਨੂੰ।
●

❑

## ਗ਼ਜ਼ਲ

ਗੋਲੀਆਂ ਵਿੰਨ੍ਹੇ ਜਿਸਮ ਕੂਕਦੇ ਸੜਕਾਂ ਦਾ ਇਤਿਹਾਸ ਲਿਖੋ।
ਵਰਕਾ ਵਰਕਾ ਜੋੜ ਜੋੜ ਕੇ ਜ਼ਖ਼ਮਾਂ ਦਾ ਇਤਿਹਾਸ ਲਿਖੋ।

ਬਾਗ਼-ਬਗੀਚੇ ਅੱਗ ਦੀ ਭੇਟਾ, ਬਿਰਖ਼ ਚਿਤਾਵਾਂ ਵਿਚ ਸੜੇ,
ਗ਼ਰਮ ਰਾਖ਼ ਦਾ ਹਿੱਸਾ ਬਣੀਆਂ ਲਗਰਾਂ ਦਾ ਇਤਿਹਾਸ ਲਿਖੋ।

ਇਹ ਕੈਸੀ ਬਰਸਾਤ ਛਾਨਣੀ ਧਰਤੀ ਮਾਂ ਦਾ ਸੀਨਾ ਹੈ,
ਕੋਰੇ ਸਫ਼ੇ ਉਡੀਕ ਰਹੇ ਨੇ ਜ਼ੁਲਮਾਂ ਦਾ ਇਤਿਹਾਸ ਲਿਖੋ।

ਤਣੇ ਹੋਏ ਮੁੱਕੇ ਨੂੰ ਆਖੋ ਹੋਸ਼ ਨਾਲ ਸਮਤੋਲ ਕਰੇ,
ਸੰਗਰਾਮੀ ਦੀ ਚਾਲ ਤੁਰਦਿਆਂ ਕਦਮਾਂ ਦਾ ਇਤਿਹਾਸ ਲਿਖੋ।

ਅੱਜ ਦੀ ਰਾਤ ਭਿਆਨਕ ਕਾਲ਼ੀ ਅੱਗੇ ਨਾਲੋਂ ਵਧ ਕੇ ਹੈ,
ਚੁੱਪ-ਚੁਪੀਤੇ ਘਰ ਨਾ ਬੈਠੋ ਫ਼ਰਜ਼ਾਂ ਦਾ ਇਤਿਹਾਸ ਲਿਖੋ।

ਕਲਮ ਬੁਰਸ਼ ਤੇ ਸਾਜ਼ ਵਾਲ਼ਿਓ ਇਸ ਮੌਸਮ ਦਾ ਫ਼ਿਕਰ ਕਰੋ,
'ਸੱਚ ਕੀ ਬੇਲਾ' ਹੱਕ ਨਿਤਾਰੋ ਕੰਧਾਂ ਦਾ ਇਤਿਹਾਸ ਲਿਖੋ।

●

❑

## ਲੋਕ-ਰੂਹ ਦੀਆਂ ਬੋਲੀਆਂ

ਜਿੰਨ੍ਹਾਂ ਚੀਰੀ ਸੀ ਜਵਾਨੀ ਸਾਡੀ, ਉਹ ਆਰੀ ਵਾਲੇ ਫੇਰ ਆ ਗਏ।

ਤੇਰੀ ਮੰਨ ਗਏ ਨਿਸ਼ਾਨੇਬਾਜ਼ੀ, ਅਸਾਂ ਵੀ ਭੰਵਾਈ ਕੰਡ ਨਾ।

ਘਰੋਂ ਗਿਆ ਸੀ ਧਰਮ ਦੀ ਰਾਖੀ, ਗੋਲ਼ੀ ਨੇ ਮਾਸੂਮ ਖਾ ਲਿਆ।

ਬਿਨਾ ਗਿਆਨ ਤੋਂ ਗੁਰੂ ਨਹੀਂ ਲੱਭਣਾ, ਭਰਮਾਂ ਚ ਫਿਰੇ ਦੁਨੀਆਂ।

ਕਿਹੜੀ ਥਾਂ ਤੇ ਪਲੀਤਾ ਲਾਇਆ, ਪੁੱਤਰ ਬਾਰੂਦ ਬਣ ਗਏ।

ਪੁੱਤ ਕਰ ਗਿਆ ਬਿਸਤਰਾ ਖ਼ਾਲੀ, ਆਖਦੇ ਸ਼ਹੀਦ ਹੋ ਗਿਆ।

ਰਾਜ ਕਰਦੇ ਕੁਰਸੀਆਂ ਵਾਲੇ, ਲੋਕ ਬੈਠੇ ਸੜਕਾਂ ਤੇ।

ਭੱਠੀ ਤਪ ਗਈ ਭੁਨਾ ਲਓ ਦਾਣੇ, ਪੁੱਤਰੋ ਸਿਆਸਤਾਂ ਦਿਓ।

ਕਾਹਨੂੰ ਵੈਰੀਆ ਪੰਜਾਬ ਤਪਾਇਆ, ਸੇਕਦੇ ਸਿਆਸੀ ਰੋਟੀਆਂ।

ਕੀਹਦਾ ਦੇਸ਼ ਹੈ ਤਿਰੰਗਿਆ ਤੂੰ ਦੱਸ ਦੇ, ਪੈਰੋਂ ਨੰਗੇ ਲੋਕ ਪੁੱਛਦੇ।

ਮੌਤ ਚੜ੍ਹੇ ਨਾ ਹਨ੍ਹੇਰੀ ਬਣ ਕੇ, ਸਿਵਿਆਂ ਦੇ ਰੁੱਖ ਡੋਲਦੇ।

ਸਾਨੂੰ ਭੁੱਲ ਗਏ ਸਵਾਲ ਪੁਰਾਣੇ, ਨਵਿਆਂ ਨੇ ਘੇਰਾ ਪਾ ਲਿਆ।

ਮੱਤ ਰਹੀ ਨਾ ਜਵਾਬਾਂ ਜੋਗੀ, ਸਮਾਂ ਬਦਮਾਸ਼ ਹੋ ਗਿਆ।

ਬੂਟੇ ਸੁੱਕ ਗਏ ਉਮੀਦਾਂ ਵਾਲੇ, ਵਿਹੜੇ ਚ ਭੂਚਾਲ ਆ ਗਿਆ।

ਕਿੱਥੇ ਮਰ ਗਏ ਬਾਗ ਦੇ ਰਾਖੇ, ਪੈਲਾਂ ਪਾਉਂਦੇ ਮੋਰ ਪੁੱਛਦੇ।

ਲੋਕ ਜਦੋਂ ਵੀ ਹੱਕਾਂ ਦੀ ਗੱਲ ਕਰਦੇ, ਕੁਰਸੀ ਦੇ ਪਾਵੇ ਡੋਲਦੇ।

ਮੁੰਡੇ ਮਰ ਗਏ ਕਮਾਈਆਂ ਕਰਦੇ, ਟਾਕੀ ਵਾਲੇ ਬੂਟ ਨਾ ਜੁੜੇ।

●